1920 ਤੋਂ

ਜਿਲਦ 101
ਨੰਬਰ 14

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੧੭ ਤੋਂ ੩੧ ਭਾਦਰੋਂ ੨੦੭੮ ਬਿ.
1 to 15 Sep 2021

# ਸਤਿਜੁਗ



Tokyo Olympics

10/-

# ਆਨ-ਲਾਈਨ ਵਿੱਦਿਅਕ ਸੰਮੇਲਨ 2021 ਦੇ ਜੇਤੂ ਸਿਖਆਰਥੀ



# ਸਤਿਜੁਗ

੧੭ ਤੋਂ ੩੧ ਭਾਦਰੋਂ ੨੦੭੮ ਬਿ.
1 ਤੋਂ 15 ਸਤੰਬਰ 2021 ਈ.
ਜਿਲਦ 101, ਨੰਬਰ 14

ਸਲਾਹਕਾਰ ਮੈਂਬਰ
ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ
ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ

*Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

ਇਕ ਸਾਲ- ਦੇਸ - 500 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ- ਦੇਸ - 2000 ਰੁ:, ਪ੍ਰਦੇਸ- 280$ USD ਡਾਲਰ

***Designed and Typeset:***
ਹਾਕਮ ਸਿੰਘ, ਯੁਵਰਾਜ ਸਿੰਘ
ਤਰਨ ਬੱਲ

**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***

## ਤਤਕਰਾ

* ਸੰਪਾਦਕੀ- ਓਲੰਪਿਕ ਖੇਡਾਂ ਅਤੇ ਭਾਰਤ
ਭਜਨ ਸਿੰਘ........................................4

* ਗੁਰਬਾਣੀ ਵਿਆਖਿਆ.......................................7

* ਬਸਤੀਵਾਦੀ ਰਾਜ, ਨਾਮਧਾਰੀ ਸਾਹਿਤ ਤੇ ਇਤਿਹਾਸ ਦ੍ਰਿਸ਼ਟੀ
ਡਾ. ਸੁਖਦੇਵ ਸਿੰਘ ਸਿਰਸਾ..........................9

* ਡਾ. ਪੁਸ਼ਪਿੰਦਰ ਜੈਰੂਪ ਦਾ ਵਿਛੋੜਾ
ਡਾ. ਹਰਸ਼ਿੰਦਰ ਕੌਰ................................17

* **Let Peace Prevail**
**Amritbir kaur....................................19**

* ਗ਼ਜ਼ਲ- ਮਿਹਨਤ ਵਾਲੀ ਜੋਤ
ਬਲਵਿੰਦਰ ਬਾਲਮ.................................21

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ............................22

* **A Saga of Sri Satguru Jagjit Singh ji**
**Dr. Sharada Jayagovind .........................24**

* ਖ਼ਬਰਨਾਮਾ................................................26

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

ਸੰਪਾਦਕੀ

# ਓਲੰਪਿਕ ਖੇਡਾਂ ਅਤੇ ਭਾਰਤ

ਓਲੰਪਿਕ ਖੇਡਾਂ ਦੇ 125 ਸਾਲਾਂ ਦੇ ਇਤਿਹਾਸ ਵਿੱਚ ਭਾਰਤ ਦਾ ਇਸ ਵਾਰੀ ਪ੍ਰਦਰਸ਼ਨ ਬਹੁਤ ਉਮਦਾ ਰਿਹਾ। 1980 ਵਾਲੀਆਂ ਮਾਸਕੋ ਓਲੰਪਿਕ ਖੇਡਾਂ ਤੋਂ ਬਾਅਦ ਭਾਰਤ ਪਹਿਲੀ ਵਾਰ ਪਹਿਲੇ 50 ਮੁਲਕਾਂ ਵਿੱਚ ਸ਼ਾਮਲ ਹੋਇਆ ਹੈ ਅਤੇ ਪਹਿਲੀ ਵਾਰ ਹੀ ਤਿੰਨ ਤਰ੍ਹਾਂ (ਸੋਨਾ, ਚਾਂਦੀ ਤੇ ਕਾਂਸੀ) ਦੇ ਤਗ਼ਮੇ ਜਿੱਤੇ ਹਨ। ਇਸ ਵਾਰ ਭਾਰਤੀ ਖਿਡਾਰੀਆਂ ਨੇ 7 ਤਗ਼ਮੇ ਜਿੱਤ ਕੇ ਤਗ਼ਮਿਆਂ ਦੀ ਕੁੱਲ ਗਿਣਤੀ 35 ਕਰ ਦਿੱਤੀ ਹੈ। ਵਿਸ਼ਵ ਭਰ ਵਿੱਚੋਂ ਭਾਰਤ ਤਗ਼ਮਿਆਂ ਦੀ ਪ੍ਰਾਪਤੀ ’ਚੋਂ 58 ਵੇਂ ਸਥਾਨ ’ਤੇ ਆ ਗਿਆ ਹੈ। ਹੁਣ ਤੱਕ ਭਾਰਤ ਨੇ ਹਾਕੀ ਵਿੱਚੋਂ 12, ਸ਼ੂਟਿੰਗ ਵਿੱਚੋਂ 4, ਅਥਲੈਟਿਕ ਵਿੱਚੋਂ 3, ਕੁਸ਼ਤੀ ਵਿੱਚੋਂ 7, ਬੈਡਮਿੰਟਨ ਵਿਚੋਂ 3, ਭਾਰ ਚੁੱਕਣ ਵਿੱਚੋਂ 3, ਮੁੱਕੇਬਾਜ਼ੀ ਵਿਚੋਂ 3 ਅਤੇ ਟੈਨਿਸ ਵਿੱਚੋਂ 1 ਤਗ਼ਮਾ ਹਾਸਲ ਕੀਤਾ ਹੈ। 125 ਸਾਲਾ ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਇਸ ਵਾਰ ਭਾਰਤੀ ਖਿਡਾਰੀਆਂ ਦੀ ਸਭ ਤੋਂ ਵੱਧ ਸ਼ਮੂਲੀਅਤ ਸੀ, ਕੁੱਲ 124 ਖਿਡਾਰੀਆਂ ਨੇ ‘ਟੋਕੀਓ ਓਲੰਪਿਕ 2020' ਖੇਡਾਂ ਵਿੱਚ ਹਿੱਸਾ ਲਿਆ। ਕੁਝ ਇਹੋ ਜਿਹੀਆਂ ਖੇਡਾਂ ਵੀ ਸਨ, ਜਿਨ੍ਹਾਂ ਵਿੱਚ ਭਾਰਤ ਪਹਿਲੀ ਵਾਰ ਓਲੰਪਿਕ ਖੇਡਾਂ ’ਚ ਦਾਖਲ ਹੋਇਆ।

ਅਥਲੈਟਿਕ ਵਿੱਚ 121 ਸਾਲਾਂ ਬਾਅਦ ਹਰਿਆਣਾ ਦੇ ਨੀਰਜ ਚੋਪੜਾ ਨੇ 87.58 ਮੀਟਰ ਦੂਰ ਨੇਜਾ ਸੁੱਟ ਕੇ ਭਾਰਤ ਨੂੰ ਸੋਨੇ ਦਾ ਤਗ਼ਮਾ ਦਿਵਾਇਆ। ਇਸ ਤੋਂ ਪਹਿਲਾਂ 1900 ਈ. ਵਿੱਚ ਹੋਣ ਵਾਲੀਆਂ ਪੈਰਿਸ ਓਲੰਪਿਕ ਖੇਡਾਂ ਵਿੱਚ ਭਾਰਤੀ ਅਥਲੀਟ ਨੋਰਮਨ ਪਰਿਟਚਾਡ ਨੇ 200 ਮੀਟਰ (ਸਿੱਧੀ ਦੌੜ) ਤੇ 200 ਮੀਟਰ (ਅੜਿੱਕਾ ਦੌੜ) ਵਿੱਚੋਂ 2 ਚਾਂਦੀ ਤਗ਼ਮੇ ਜਿੱਤੇ ਸਨ।

ਮਨੀਪੁਰ ਦੀ ਕੁੜੀ ਮੀਰਾਬਾਈ ਚਾਨੂੰ ਨੇ ਭਾਰ ਚੁੱਕਣ (49 kg ਵਰਗ) ਵਿੱਚ ਅਤੇ ਹਰਿਆਣਾ (ਸੋਨੀਪਤ) ਦੇ ਰਵੀ ਕੁਮਾਰ ਦਾਹੀਆ (57 kg ਵਰਗ ਵਿੱਚ) ਨੇ ਕੁਸ਼ਤੀ ਵਿੱਚੋਂ ਚਾਂਦੀ ਦੇ ਤਗ਼ਮੇ ਹਾਸਲ ਕੀਤੇ। ਰਵੀ ਕੁਮਾਰ ਏਸ਼ੀਅਨ ਖੇਡਾਂ ਦਾ 2 ਵਾਰ ਵਿਜੇਤਾ ਤੇ ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਦਾ ਕਾਂਸੀ ਵਿਜੇਤਾ ਖਿਡਾਰੀ ਵੀ ਹੈ। ਹੈਦਰਾਬਾਦ ਦੀ ਖਿਡਾਰਨ ਪੀ.ਵੀ. ਸਿੰਧੂ ਦਾ ਪ੍ਰਦਰਸ਼ਨ ਵੀ ਸਲਾਹੁਣਯੋਗ ਹੈ। ਉਸ ਨੇ ਬੈਡਮਿੰਟਨ ਵਿੱਚ ਪਿਛਲੀ ਵਾਰ ਰੀਓ ਓਲੰਪਿਕਸ 2016 ਵਿੱਚ ਚਾਂਦੀ ਦਾ ਤਗ਼ਮਾ ਹਾਸਲ ਕੀਤਾ ਸੀ, ਇਸ ਵਾਰ ਕਾਂਸੀ ਦਾ ਤਗ਼ਮਾ ਆਪਣੇ ਨਾਮ ਕੀਤਾ ਹੈ।

ਅਸਾਮ ਦੀ ਮੁੱਕੇਬਾਜ਼ ਲਵਲੀਨਾ ਬੋਰਗੋਹੈਨ (69 kg ਵਰਗ ਵਿੱਚ) ਅਤੇ ਹਰਿਆਣਾ ਦੇ ਭਲਵਾਨ ਬਜਰੰਗ ਪੂਨੀਆ ਨੇ (65 kg ਵਰਗ ਵਿੱਚ) ਵੀ ਕਾਂਸੀ ਦੇ ਤਗ਼ਮੇ ਜਿੱਤੇ ਹਨ। ਇਨ੍ਹਾਂ ਤੋਂ ਇਲਾਵਾ ਭਾਰਤੀ ਹਾਕੀ ਟੀਮ (ਪੁਰਸ਼ ਵਰਗ) ਦੀ ਖੇਡ ਵੀ ਬਹੁਤ ਸਲਾਹੁਣਯੋਗ ਸੀ। ਵਿਸ਼ਵ ਦੀ ਸਭ ਤੋਂ ਵੱਧ ਗੋਲਡ ਮੈਡਲ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਪਿਛਲੇ ਕਈ ਦਹਾਕਿਆਂ ਤੋਂ ਤਗਮੇ ਤੋਂ ਵਾਂਝੀ ਰਹਿ ਰਹੀ ਸੀ। ਹਾਕੀ ਵਿੱਚ ਹੁਣ ਤੱਕ ਭਾਰਤੀਆਂ ਕੋਲ 12 ਤਗ਼ਮੇ ਹਨ। ਜਿਨ੍ਹਾਂ ਵਿੱਚੋਂ ਸੋਨ ਤਗ਼ਮੇ 8,

ਚਾਂਦੀ 1 ਅਤੇ ਕਾਂਸੀ ਦੇ 3 ਤਗ਼ਮੇ ਹਨ। ਇਸ ਵਾਰ ਹਾਕੀ ਖਿਡਾਰੀਆਂ ਦੀ ਜਿੱਤ ਨੇ ਕਰੋੜਾਂ ਦੇਸਵਾਸੀਆਂ ਦੀ ਇਹ ਆਸ ਪੂਰੀ ਕੀਤੀ ਹੈ। ਉਨ੍ਹਾਂ 41 ਸਾਲਾਂ ਮਗਰੋਂ ਭਾਰਤ ਦੀ ਝੋਲੀ ਤਗ਼ਮਾ ਪਾਇਆ ਹੈ।

ਭਾਰਤੀ ਖਿਡਾਰੀਆਂ ਦੀ ਮਿਹਨਤ ਤੇ ਜਜ਼ਬੇ ਦੀ ਬਦੌਲਤ ਇਸ ਵਾਰ ਭਾਰਤ ਨੇ ਹੁਣ ਤੱਕ ਸਾਰੇ ਓਲੰਪਿਕ ਖੇਡਾਂ ਦੇ ਪ੍ਰਦਰਸ਼ਨਾਂ ਵਿੱਚੋਂ ਸਭ ਤੋਂ ਵੱਧ ਤਗ਼ਮੇ ਪ੍ਰਾਪਤ ਕੀਤੇ ਹਨ। ਭਾਵੇਂ ਭਾਰਤੀ ਖਿਡਾਰੀਆਂ ਨੂੰ ਉਪਰੋਕਤ 7 ਤਗ਼ਮੇ ਹਾਸਲ ਹੋਏ ਪਰ ਬਾਕੀ ਖਿਡਾਰੀਆਂ ਨੇ ਵੀ ਸੁੰਦਰ ਪ੍ਰਦਰਸ਼ਨ ਕੀਤਾ, ਉਨ੍ਹਾਂ ਤਗ਼ਮਿਆਂ ਤੋਂ ਵਾਂਝਿਆਂ ਰਹਿ ਕੇ ਵੀ ਖੇਡ ਪ੍ਰੇਮੀਆਂ ਦੇ ਦਿਲ ਜਿੱਤ ਲਏ।

ਮਹਿਲਾ ਹਾਕੀ ਟੀਮ ਨੇ ਸਭ ਤੋਂ ਵੱਧ ਭਾਰਤੀ ਖੇਡ ਪ੍ਰੇਮੀਆਂ ਦੇ ਦਿਲ ਜਿੱਤੇ। ਸੰਸਾਰ ਰੈਂਕਿੰਗ ਵਿਚ 9ਵੇਂ ਸਥਾਨ ਦੀ ਭਾਰਤੀ ਮਹਿਲਾ ਹਾਕੀ ਟੀਮ ਨੇ ਪਹਿਲੀ ਵਾਰ ਸੈਮੀ ਫਾਈਨਲ ਮੈਚ ਖੇਡਿਆ। ਰਾਣੀ ਰਾਮਪਾਲ ਦੀ ਕਪਤਾਨੀ ਹੇਠ ਵੰਦਨਾ ਕਟਾਰੀਆ, ਗੁਰਜੀਤ ਕੌਰ (ਡਰੈਗ ਫਲਿੱਕਰ), ਸਵਿਤਾ ਪੂਨੀਆ (ਗੋਲਕੀਪਰ) ਆਦਿ ਖਿਡਾਰਨਾਂ ਨੇ ਬਹੁਤ ਵਧੀਆ ਖੇਡ ਪ੍ਰਦਰਸ਼ਨ ਕੀਤਾ।

ਗੋਲਫ ਭਾਰਤ ਵਿੱਚ ਆਮ ਪ੍ਰਚੱਲਤ ਨਹੀਂ ਪਰ ਟੋਕੀਓ ਓਲੰਪਿਕਸ ਵਿੱਚ ਭਾਰਤੀ ਖੇਡ ਪ੍ਰੇਮੀਆਂ ਦੀਆਂ ਨਜ਼ਰਾਂ ਇਸ ਖੇਡ ਉਪਰ ਵੀ ਟਿਕੀਆਂ ਰਹੀਆਂ। ਮਹਿਲਾ ਵਿਅਕਤੀਗਤ ਮੁਕਾਬਲੇ ਵਿੱਚ ਭਾਰਤ ਦੀ ਆਦਿਤੀ ਅਸ਼ੋਕ ਤੀਜੇ ਰਾਊਂਡ ਤੱਕ ਦੂਜੇ ਸਥਾਨ ’ਤੇ ਰਹੀ। ਪਰ ਆਖਰੀ ਤੇ ਚੌਥੇ ਰਾਊਂਡ ਦੀ ਸਮਾਪਤੀ ਉੱਤੇ ਉਹ ਚੌਥੇ ਸਥਾਨ ’ਤੇ ਰਹਿ ਗਈ। ਸਿਰਫ਼ ਇੱਕ ਸ਼ਾਟ ਨਾਲ ਉਹ ਤਗ਼ਮੇ ਤੋਂ ਖੁੰਝ ਗਈ।

ਉੱਤਰ ਪ੍ਰਦੇਸ਼ ਦੇ (ਬੁਲੰਦ ਸ਼ਹਿਰ) 32 ਵਰ੍ਹਿਆਂ ਦੇ ਮੁੱਕੇਬਾਜ਼ ਸਤੀਸ਼ ਕੁਮਾਰ ਨੇ ਜੋ ਬੁਲੰਦੀ ਛੋਹੀ ਉਹ ਮੈਡਲ ਤੋਂ ਘੱਟ ਨਹੀਂ ਸੀ। ਸਤੀਸ਼ ਕੁਮਾਰ ਪਹਿਲਾ ਭਾਰਤੀ ਮੁੱਕੇਬਾਜ਼ ਸੀ ਜੋ ਸੁਪਰ ਹੈਵੀਵੇਟ ਵਰਗ ਲਈ ਕੁਆਲੀਫਾਈ ਹੋਇਆ। ਉਸ ਨੇ ਪ੍ਰੀ ਕੁਆਰਟਰ ਫਾਈਨਲ ਵਿੱਚ ਜਮਾਇਕਾ ਦੇ ਬਰਾਊਨ ਨੂੰ 4-1 ਨਾਲ ਹਰਾਇਆ। ਪਰ ਸੱਟ ਲੱਗ ਜਾਣ ਕਾਰਨ ਉਹ ਕੁਆਰਟਰਫਾਈਨਲ ਉਜ਼ਬੇਕਿਸਤਾਨ ਦੇ ਜਲਾਲੋਵ ਤੋਂ ਹਾਰ ਗਿਆ। ਹਾਰ ਤਾਂ ਗਿਆ ਪਰ ਉਸ ਨੇ ਖੇਡ ਮੈਦਾਨ ਵਿੱਚ ਪਸੀਨਾ ਤੇ ਖ਼ੂਨ ਦੋਵੇਂ ਵਹਾ ਦਿੱਤੇ।

ਪੰਜਾਬ ਦੀ ਮਲੋਟ ਨੇੜੇ ਪਿੰਡ ਕਬਰਵਾਲਾ ਦੀ ਲੜਕੀ ਕਮਲਪ੍ਰੀਤ ਕੌਰ ਡਿਸਕਸ ਥਰੋਅ ਦੇ ਫਾਈਨਲ ਤੱਕ ਪਹੁੰਚੀ ਤੇ ਛੇਵਾਂ ਸਥਾਨ ਹਾਸਲ ਕੀਤਾ। ਪੁਰਸ਼ਾਂ ਦੀ ਰਿਲੇਅ ਟੀਮ ਨੇ 4×400 ਮੀਟਰ ਰਿਲੇਅ ਦੌੜ ਵਿੱਚ ਨਵਾਂ ਏਸ਼ਿਆਈ ਰਿਕਾਰਡ ਬਣਾਇਆ। ਪਹਿਲਵਾਨ ਦੀਪਕ ਪੂਨੀਆ ਸੈਮੀਫਾਈਨਲ ਤੱਕ ਬਹੁਤ ਵਧੀਆ ਖੇਡਿਆ। ਕਾਂਸੀ ਦੇ ਤਗ਼ਮੇ ਵਾਲੇ ਮੈਚ ਵਿੱਚ ਆਖਰੀ ਸਕਿੰਟਾਂ ਵਿੱਚ ਅੰਕ ਗਵਾਉਣ ਨਾਲ ਤਗ਼ਮੇ ਤੋਂ ਖੁੰਝ ਗਿਆ।

ਨਿਸ਼ਾਨੇਬਾਜ਼ਾਂ ਵਿੱਚੋਂ ਸੌਰਭ ਚੌਧਰੀ ਨੇ 10 ਮੀਟਰ ਏਅਰ ਪਿਸਟਲ ਵਿੱਚ ਅਤੇ ਮਿਕਸਡ ਟੀਮ ਵਿੱਚ ਸੌਰਭ ਅਤੇ ਮਨੂ ਭਾਕਰ ਨੇ ਫਾਈਨਲ ਤੱਕ ਪਹੁੰਚ ਕੀਤੀ। ਤੀਰਅੰਦਾਜ਼ ਦੀਪਿਕਾ ਕੁਮਾਰੀ ਕੁਆਰਟਰ ਫਾਈਨਲ ਤੱਕ ਪਹੁੰਚੀ। ਪੁਰਸ਼ ਤੀਰਅੰਦਾਜ਼ ਅਤਨੂੰ ਦਾਸ ਨੇ ਰਾਊਂਡ 32 ਵਿੱਚ ਲੰਡਨ ਓਲੰਪਿਕਸ ਦੇ ਗੋਲਡ ਮੈਡਲ ਜੇਤੂ ਦੱਖਣੀ ਕੋਰੀਆ ਦੇ ਜਿਨ ਹਾਇਕ ਨੂੰ ਹਰਾ ਕੇ ਉਲਟ ਫੇਰ ਕੀਤਾ। ਮੁੱਕੇਬਾਜ਼ੀ ਵਿੱਚ ਪੂਜਾ ਰਾਣੀ ਨੇ ਕੁਆਰਟਰ ਫਾਈਨਲ ਤੱਕ ਦਾ ਸਫ਼ਰ ਤੈਅ ਕੀਤਾ। ਭਵਾਨੀ ਦੇਵੀ ਤਲਵਾਰਬਾਜ਼ੀ ਵਿਚ ਓਲੰਪਿਕ ਖੇਡਾਂ ਲਈ ਕੁਆਲੀਫਾਈ ਕਰਨ ਵਾਲੀ ਪਹਿਲੀ ਭਾਰਤੀ ਬਣੀ। ਬੈਡਮਿੰਟਨ ਵਿੱਚ ਸਾਤਵਿਕਸਾਈਰਾਜ ਰਨਕੀਰੈਡੀ ਤੇ ਚਿਰਾਗ ਸ਼ੈਟੀ ਦੀ ਜੋੜੀ ਅਤੇ ਟੇਬਲ ਟੈਨਿਸ ਵਿੱਚ ਸ਼ਰਤ ਕਮਲ ਅਛੰਤਾ, ਮਨਿਕਾ ਬੱਤਰਾ ਤੇ ਐਸ. ਮੁਖਰਜੀ ਨੇ ਸ਼ੁਰੂਆਤੀ ਮੈਚਾਂ ਵਿੱਚ ਜ਼ਰੂਰ ਦਮ ਵਿਖਾਇਆ, ਪਰ ਅੱਗੇ ਨਹੀਂ ਵਧ ਸਕੇ। ਅਥਲੀਟ ਤੇਜਿੰਦਰਪਾਲ ਸਿੰਘ ਤੂਰ, ਘੋੜ ਸਵਾਰ ਫੁਵਾਦ ਮਿਰਜ਼ਾ, ਤੈਰਾਕ ਸ੍ਰੀਹਰੀ ਨਟਰਾਜ, ਸਾਜਨ ਪ੍ਰਕਾਸ਼ ਤੇ ਮਾਨਾ ਪਟੇਲ ਨੇ ਖੇਡਾਂ ਦੇ ਸਭ ਤੋਂ ਵੱਡੇ ਮੰਚ ਉਤੇ ਹਾਜ਼ਰੀ ਲਗਾਈ।

ਭਾਵੇਂ ਹੁਣ ਤੱਕ ਦੀਆਂ ਓਲੰਪਿਕ ਖੇਡਾਂ ਵਿੱਚ ਭਾਰਤ ਦਾ ਇਸ ਵਾਰ ਦਾ ਪ੍ਰਦਰਸ਼ਨ ਸਭ ਤੋਂ ਚੰਗਾ ਮੰਨਿਆ ਜਾ ਰਿਹਾ ਹੈ ਪਰ ਜਦੋਂ ਅਸੀਂ ਭਾਰਤ ਦੀ ਇਸ ਉਪਲੱਬਧੀ ਦੀ ਬਾਕੀ ਦੇਸ਼ਾਂ ਨਾਲ ਤੁਲਨਾ ਕਰਕੇ ਵੇਖਦੇ ਹਾਂ ਤਾਂ ਇਹ ਉਪਲੱਬਧੀ ਕੁਝ ਵੀ ਨਹੀਂ, ਆਟੇ ਵਿੱਚ ਲੂਣ ਹੈ। ਇਸ ਵਾਰ ਓਲੰਪਿਕ ਖੇਡਾਂ ’ਚ ਸਭ ਤੋਂ ਵੱਧ ਤਗਮੇ ਅਮਰੀਕਾ ਦੇ 113 ਅਤੇ ਫਿਰ ਚੀਨ ਦੇ 88 ਸਨ। ਉਨ੍ਹਾਂ ਦੇਸ਼ਾਂ ਵਿੱਚ ਖੇਡਾਂ ਲਈ ਖਿਡਾਰੀਆਂ ਵਾਸਤੇ ਉੱਚ ਸਹੂਲਤਾਂ ਹਨ ਅਤੇ ਖੇਡਾਂ ਲਈ ਵੱਡੇ ਬਜਟ ਹੁੰਦੇ ਹਨ। ਉਨ੍ਹਾਂ ਮੁਕਾਬਲੇ ਭਾਰਤ ਸਰਕਾਰ ਕੁਝ ਵੀ ਖਰਚ ਨਹੀਂ ਕਰਦੀ। ਯੂਰਪ ਤੇ ਪੱਛਮ ਵਿੱਚ ਜਿੰਨਾ ਖ਼ਰਚ ਇੱਕ ਖਿਡਾਰੀ ’ਤੇ ਹੁੰਦਾ ਹੈ,

ਓਨਾ ਇੱਥੇ ਪੂਰੀ ਟੀਮ 'ਤੇ ਕੀਤਾ ਜਾਂਦਾ ਹੈ। ਸਪੋਰਟਸ ਨਾਲ ਸਬੰਧਤ ਭਾਰਤ ਵਿੱਚ ਤਿੰਨ ਸੰਸਥਾਵਾਂ ਕੰਮ ਕਰ ਰਹੀਆਂ ਹਨ। ਜਿਨ੍ਹਾਂ ਵਿਚੋਂ ਭਾਰਤੀ ਖੇਡ ਮੰਤਰਾਲਾ **(NSF)** 2000 ਵਿੱਚ ਸ਼ੁਰੂ ਹੋਇਆ। ਇਸ ਦਾ 2015 ਵਿੱਚ 350 ਕਰੋੜ ਬਜਟ ਸੀ ਤੇ ਫਿਰ 2021 ਵਿੱਚ ਘਟਾ ਕੇ 280 ਕਰੋੜ ਕਰ ਦਿੱਤਾ ਗਿਆ। ਦੂਜੀ ਸੰਸਥਾ ਸਪੋਰਟਸ ਅਥਾਰਿਟੀ ਆਫ ਇੰਡੀਆ **(SAI)** ਦਾ 2015 ਵਿੱਚ 407 ਕਰੋੜ ਬਜਟ ਸੀ ਪਰ 2021 ਤੱਕ ਸਿਰਫ਼ 93 ਕਰੋੜ ਹੀ ਵਧਿਆ। 2016 ਵਿੱਚ 'ਖੇਲੋ ਇੰਡੀਆ' ਨਾਮ ਦੀ ਇੱਕ ਹੋਰ ਸੰਸਥਾ ਸਰਕਾਰ ਨੇ ਸ਼ੁਰੂ ਕੀਤੀ। ਪਹਿਲੇ ਸਾਲ ਇਸ ਦਾ ਬਜਟ 97.52 ਕਰੋੜ ਰੱਖਿਆ ਗਿਆ, ਜਿਹੜਾ ਕਿ 2020 ਤਕ 890.92 ਕਰੋੜ ਹੋ ਗਿਆ ਤੇ ਫਿਰ 2021 ਵਿੱਚ ਘਟਾ ਕੇ 660 ਕਰੋੜ ਕਰ ਦਿੱਤਾ ਗਿਆ। ਗੱਲ ਕੀ ਖੇਡਾਂ ਲਈ ਕੋਈ ਪੱਕਾ ਬਜਟ ਸਰਕਾਰ ਨਿਰਧਾਰਤ ਹੀ ਨਹੀਂ ਕਰਦੀ। ਭਾਰਤ ਮੁਕਾਬਲੇ ਚੀਨ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਉਥੇ ਖੇਡਾਂ 'ਤੇ ਸਾਲਾਨਾ 316.5 ਬਿਲੀਅਨ ਯੂਆਨ ਅਰਥਾਤ 3 ਲੱਖ ਕਰੋੜ ਰੁਪਏ ਖ਼ਰਚ ਹੁੰਦੇ ਹਨ। ਇਹ ਭਾਰਤੀ ਖ਼ਰਚ ਤੋਂ 200 ਫ਼ੀਸਦੀ ਵੱਧ ਹੈ।

ਜੇ ਇਸ ਵਾਰ ਦੇ ਓਲੰਪਿਕਸ ਵਿੱਚ ਪਹਿਲਾਂ ਨਾਲੋਂ ਭਾਰਤੀ ਖਿਡਾਰੀਆਂ ਦਾ ਪ੍ਰਦਰਸ਼ਨ ਸੁੰਦਰ ਸੀ ਤਾਂ ਉਹਦੇ ਵਿਚ ਖਿਡਾਰੀਆਂ ਦੇ ਜਜ਼ਬੇ ਨੂੰ ਦਾਦ ਦੇਣੀ ਬਣਦੀ ਹੈ। ਜਿਨ੍ਹਾਂ ਏਨੀਆਂ ਘੱਟ ਸਹੂਲਤਾਂ ਦੇ ਬਾਵਜੂਦ, ਇੰਨੇ ਚੰਗੇ ਰਿਜ਼ਲਟ ਦਿੱਤੇ। ਦੂਸਰੇ ਦੇਸ਼ਾਂ ਮੁਕਾਬਲੇ ਭਾਰਤ ਵਿੱਚ ਖੇਡ ਸਹੂਲਤਾਂ ਬਹੁਤ ਘੱਟ ਹਨ। ਜੇ ਕਰ ਬਣਾਉਟੀ ਘਾਹ ਵਾਲੇ ਹਾਕੀ ਦੇ ਖੇਡ ਮੈਦਾਨਾਂ ਦੀ ਹੀ ਗੱਲ ਕੀਤੀ ਜਾਵੇ ਤਾਂ ਸਭ ਤੋਂ ਵੱਧ ਐਸਟ੍ਰੋਟਰਫ ਮੈਦਾਨ ਇੰਗਲੈਂਡ ਵਿੱਚ 1000 ਹਨ, ਫਿਰ ਹਾਲੈਂਡ ਵਿੱਚ 625, ਆਸਟਰੇਲੀਆ ਵਿੱਚ 410, ਜਰਮਨੀ ਵਿੱਚ 350 ਤੇ ਨਿਊਜ਼ੀਲੈਂਡ ਵਿੱਚ 80 ਐਸਟਰੋਟਰਫ ਹਨ। ਵਿਸ਼ਾਲ ਦੇਸ਼ ਭਾਰਤ ਵਿੱਚ ਇਨ੍ਹਾਂ ਦੀ ਗਿਣਤੀ ਹਾਲੇ ਵੀ ਅੱਧਾ ਸੈਂਕੜਾ ਪਾਰ ਨਹੀਂ ਹੋਈ। ਇਹ ਗੱਲ ਤਾਂ ਪੱਕੀ ਹੈ ਕਿ ਸਾਡੇ ਖਿਡਾਰੀਆਂ ਵਿੱਚ ਜਜ਼ਬੇ ਤੇ ਜਨੂੰਨ ਦੀ ਕੋਈ ਕਮੀ ਨਹੀਂ, ਜੇ ਸਰਕਾਰ ਇਨ੍ਹਾਂ ਦੀ ਬਾਂਹ ਫੜ੍ਹੇ ਅਤੇ ਆਧੁਨਿਕ ਤਕਨੀਕ ਵਾਲੀਆਂ ਮਸ਼ੀਨਾਂ, ਮੈਦਾਨ, ਕੋਚ ਆਦਿ ਸਹੂਲਤਾਂ ਮੁਹੱਈਆ ਕਰਵਾਉਣ ਤਾਂ ਸਾਡੇ ਖਿਡਾਰੀ ਵੱਡੇ ਮਾਅਰਕੇ ਮਾਰ ਸਕਦੇ ਹਨ। ਇਸ ਮੌਕੇ ਉੜੀਸਾ ਸਰਕਾਰ ਦੀ ਸਿਫ਼ਤ ਕਰਨੀ ਜ਼ਰੂਰ ਬਣਦੀ ਹੈ ਜਿਨ੍ਹਾਂ ਨੇ ਇਸ ਵਾਰ ਪੁਰਸ਼ ਤੇ ਮਹਿਲਾ ਵਰਗ ਦੀਆਂ ਹਾਕੀ ਟੀਮਾਂ ਦਾ ਸਾਰਾ ਖ਼ਰਚ ਚੁੱਕਿਆ। ਉਨ੍ਹਾਂ ਇਨ੍ਹਾਂ ਟੀਮਾਂ ਲਈ 150 ਕਰੋੜ ਦਾ ਬਜਟ ਨਿਰਧਾਰਤ ਕੀਤਾ। ਇਸ ਤੋਂ ਇਲਾਵਾ ਰੁੜਕੇਲਾ ਵਿਖੇ 90 ਕਰੋੜ ਦਾ ਦੁਨੀਆਂ ਦਾ ਸਭ ਤੋਂ ਵੱਡਾ ਹਾਕੀ ਸਟੇਡੀਅਮ ਤਿਆਰ ਕਰਵਾਇਆ। ਲੋੜ ਹੈ, ਇੱਕ ਚੰਗਾ ਬੁਨਿਆਦੀ ਢਾਂਚਾ ਬਣਾਉਣ ਦੀ, ਜਿਸਦੇ ਤਹਿਤ ਪਿੰਡਾਂ, ਸ਼ਹਿਰਾਂ ਵਿੱਚ ਵਧੀਆ ਖੇਡ ਮੈਦਾਨ ਬਣਾਏ ਜਾਣ ਅਤੇ ਉਨ੍ਹਾਂ ਨਾਲ ਸੰਬੰਧਤ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ।

ਖੇਡਾਂ ਦਾ ਰਾਜਨੀਤੀ ਨਾਲ ਗਹਿਰਾ ਰਿਸ਼ਤਾ ਹੈ। ਖੇਡਾਂ ਦੀ ਪੈਦਾਇਸ਼ ਹੀ ਰਾਜਨੀਤੀ ਵਿੱਚੋਂ ਹੋਈ। ਜਦੋਂ ਵੱਖ-ਵੱਖ ਕਬੀਲੇ ਜਾਂ ਦੇਸ਼ ਜੰਗਾਂ ਲੜਦੇ, ਇੱਕ-ਦੂਜੇ ਤੋਂ ਜਿੱਤਦੇ, ਹਰਾਉਂਦੇ ਜਾਂ ਆਪਣੀ ਧੌਂਸ ਜਮਾਉਂਦੇ ਸੀ, ਉਦੋਂ ਜੰਗਾਂ ਕਰਨ ਤੋਂ ਗੁਰੇਜ਼ ਕਰਕੇ ਖੇਡਾਂ ਈਜਾਦ ਕੀਤੀਆਂ ਗਈਆਂ। ਜਿਨ੍ਹਾਂ ਵਿੱਚ ਇਹ ਵੇਖਿਆ ਜਾਂਦਾ ਕਿਹੜੀ ਫ਼ੌਜ ਦੇ ਕੋਲ ਤੇਜ਼ ਦੌੜਾਕ ਹਨ, ਕੀਹਦੇ ਕੋਲ ਚੰਗੇ ਨੇਜਾ ਸੁੱਟਣ ਵਾਲੇ, ਘੁਲਣ ਵਾਲੇ, ਤੈਰਾਕ, ਮੁੱਕੇਬਾਜ਼ ਆਦਿ ਹਨ। ਏਦਾਂ ਜੰਗਾਂ ਨੇ ਖੇਡਾਂ ਦਾ ਰੂਪ ਧਾਰਨ ਕੀਤਾ। ਉਨ੍ਹਾਂ ਖੇਡਾਂ ਵਿੱਚੋਂ ਜਿੱਤਣ ਦਾ ਮਤਲਬ ਜੰਗ ਜਿੱਤਣਾ ਹੋ ਗਿਆ।

ਮੌਜੂਦਾ ਓਲੰਪਿਕ ਖੇਡਾਂ ਵਿੱਚ ਵੱਖ-ਵੱਖ ਦੇਸ਼ ਇਸੇ ਭਾਵਨਾ ਨਾਲ ਹੀ ਪੁਰਜ਼ੋਰ ਤਿਆਰੀ ਕਰਦੇ ਹਨ ਕਿ ਅਸੀਂ ਵਿਸ਼ਵ ਪੱਧਰ 'ਤੇ ਆਪਣੀ ਧਾਂਕ ਜਮਾਉਣੀ ਹੈ। ਖੇਡ ਮੈਦਾਨਾਂ ਵਿੱਚ ਉੱਚੇ ਲਹਿਰਾਉਂਦੇ ਝੰਡੇ ਉਨ੍ਹਾਂ ਦੇ ਮਾਣ-ਸਨਮਾਨ ਨੂੰ ਉੱਚਾ ਕਰਦੇ ਹਨ। ਭਾਰਤ ਅਜੇ ਇਸ ਉਚਾਈ ਤੋਂ ਕਾਫ਼ੀ ਦੂਰ ਹੈ। ਲੋੜ ਹੈ ਕੇਂਦਰ ਸਰਕਾਰ ਨੂੰ ਰਾਜ ਸਰਕਾਰਾਂ ਅਤੇ ਸਪੋਰਟਸ ਸੰਸਥਾਵਾਂ ਨਾਲ ਮਿਲ ਕੇ ਚੰਗੀ ਖੇਡ ਨੀਤੀ ਬਣਾਉਣ ਦੀ। ਚੰਗੀ ਖੇਡ ਨੀਤੀ ਨਾਲ ਹੀ ਭਵਿੱਖ ਵਿੱਚ ਚੰਗੇ ਨਤੀਜੇ ਆ ਸਕਦੇ ਹਨ।

ਇਸ ਵਾਰ ਦੀ ਹਾਕੀ ਵਿੱਚ ਗੋਲਡ ਮੈਡਲ ਜਿੱਤਣ ਵਾਲੀ ਬੈਲਜੀਅਮ ਦੀ ਟੀਮ 15 ਸਾਲ ਪਹਿਲਾਂ ਚੁਣੀ ਗਈ ਸੀ। ਉਨ੍ਹਾਂ ਉਦੋਂ ਟੀਚਾ ਮਿੱਥਿਆ ਸੀ ਕਿ 2016, 2020 ਤੇ 2024 ਦੇ ਓਲੰਪਿਕ ਲਈ ਚੰਗਾ ਪ੍ਰਦਰਸ਼ਨ ਕਰਨਾ ਹੈ। 'ਰੀਓ ਓਲੰਪਿਕ ਖੇਡਾਂ 2016' 'ਚ ਉਹ ਕਾਂਸੀ ਤਗ਼ਮਾ ਜਿੱਤੇ ਤੇ ਇਸ ਵਾਰ 'ਟੋਕੀਓ ਓਲੰਪਿਕ ਖੇਡਾਂ 2020' ਵਿੱਚ ਗੋਲਡ ਮੈਡਲ ਜਿੱਤੇ ਹਨ। ਇਸੇ ਤਰ੍ਹਾਂ ਸਾਡੀਆਂ ਸਰਕਾਰਾਂ ਨੂੰ ਖੇਡ ਨੀਤੀ ਬਣਾਉਣੀ ਚਾਹੀਦੀ ਹੈ। ਹੁਣ ਤੋਂ ਹੀ 2028, 2032 ਤੇ 2036 ਵਾਲੀਆਂ ਓਲੰਪਿਕ ਖੇਡਾਂ ਦੀਆਂ ਤਿਆਰੀਆਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ, ਫਿਰ ਹੀ ਅਸੀਂ ਭਵਿੱਖ ਵਿੱਚ ਅਮਰੀਕਾ ਤੇ ਚੀਨ ਵਰਗੇ ਮੁਲਕਾਂ ਦਾ ਮੁਕਾਬਲਾ ਕਰ ਸਕਦੇ ਹਾਂ।

**ਭਜਨ ਸਿੰਘ**

# ਗੁਰਬਾਣੀ ਵਿਆਖਿਆ- ਜਪੁ ਸਾਹਿਬ

**ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਕੋਈ ਆਪਣੇ ਆਪ ਨੂੰ ਵੱਡਾ ਕਹਿੰਦਾ ਹੈ ਤਾਂ ਉਹ ਅੱਗੇ ਜਾ ਕੇ ਸ਼ੋਭਾ ਨਹੀਂ ਪਾਏਗਾ।

*Satguru Nanak* says that the one who self-praises oneself, will not attain honour later on (in the court of God).

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥**

ਲੱਖਾਂ ਹੀ ਪਾਤਾਲ ਹੀ ਪਾਤਾਲ ਅਤੇ ਆਕਾਸ਼ ਹੀ ਆਕਾਸ਼ ਹਨ।

There are millions of nether (lower) worlds and (higher) skies.

**ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥**

ਇਨ੍ਹਾਂ ਦੇ ਅੰਤ ਦੀ ਭਾਲ ਕਰਦੇ-ਕਰਦੇ ਆਖਰ ਸਾਰੇ ਥੱਕ ਗਏ, ਪਰ ਵੇਦ ਇੱਕ ਹੀ ਗੱਲ ਕਹਿੰਦੇ ਹਨ।

Everyone has gone tired searching them, but none has found the end of God's Creations;

however, the *Vedas* state one thing

**ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥**

ਹਜ਼ਾਰਾਂ ਰਿਖੀ, ਅਠਾਰਾਂ ਪੁਰਾਣ ਇੱਕ ਹੀ ਅਸਲੀਅਤ ਦੱਸਦੇ ਹਨ।

thousands of sages, eighteen *Puranas* state only one real truth:

**ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥**

ਕਿ ਜੇ ਇਨ੍ਹਾਂ ਦਾ ਕੋਈ ਲੇਖਾ ਹੋਵੇ ਤਾਂ ਲਿਖੀਏ, ਲੇਖਾ ਕਰਦਿਆਂ ਉਹ ਆਪ ਹੀ ਮੁੱਕ ਗਏ।

If there be any estimate (of the Creations of God), they could be documented;

in attempts to account for the Creations of God, the sages themselves passed away.

**ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਪ੍ਰਭੂ ਵੱਡਾ ਆਖਿਆ ਜਾਂਦਾ ਹੈ
ਅਤੇ ਉਹ ਆਪਣੇ -ਆਪੇ ਨੂੰ ਆਪ ਹੀ ਜਾਣਦਾ ਹੈ।

*Satguru Nanak* says that the God is known as 'Great',
and only He knows about Himself.

**ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥**

ਸਲਾਹੁਣ ਵਾਲਿਆਂ ਨੇ ਪ੍ਰਭੂ ਨੂੰ ਸਲਾਹਿਆ ਹੈ, ਪਰ ਉਨ੍ਹਾਂ ਕੋਲ ਏਨੀ ਬੁੱਧੀ ਨਹੀਂ ਕਿ ਉਸਦਾ ਪਾਰਾਵਾਰ ਪਾ ਲੈਣ

Several people have praised God,
but they do not possess the intellect to understand Him.

**ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥**

ਜਿਵੇਂ ਨਦੀਆਂ ਅਤੇ ਨਾਲੇ ਸਮੁੰਦਰ ਵਿੱਚ ਜਾ ਪੈਂਦੇ ਹਨ ਅਤੇ ਉਹ ਪਛਾਣੇ ਨਹੀਂ ਜਾ ਸਕਦੇ
ਭਾਵ ਸਮੁੰਦਰ ਹੀ ਬਣ ਜਾਂਦੇ ਹਨ, ਇਸੇ ਤਰ੍ਹਾਂ ਭਗਤ ਵੀ ਪ੍ਰਮੇਸ਼ਰ ਵਿੱਚ ਲੀਨ ਹੋ ਜਾਂਦੇ ਹਨ।

Like the rivers and water streams, which upon mixing with the ocean, cannot be
recognised as distinct from the ocean
(meaning, transform into the ocean itself;
similarly the God's devotees immerse themselves in the God).

**ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥**

ਦੁਨੀਆ ਦੇ ਸ਼ਾਹ ਸੁਲਤਾਨ ਜਿਨ੍ਹਾ ਦਾ ਰਾਜ ਸਮੁੰਦਰਾਂ ਤੇ ਫੈਲਿਆ ਹੈ
ਜਿਨ੍ਹਾ ਸਮੁੰਦਰਾਂ ਵਿੱਚ ਵੱਡੇ-ਵੱਡੇ ਪਹਾੜ ਡੁਬੇ ਪਏ ਹਨ,
ਭਾਵ ਅਪਾਰ ਧਨ ਦੌਲਤ ਵਾਲੇ ਲੋਕ

Kings and Emperors, whose rule extends to the oceans,
in which islands and places of immense wealth are located.

**ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥**

ਹੇ ਪ੍ਰਭੂ! ਜਿਸ ਦੇ ਮਨ ਵਿੱਚੋਂ ਤੂੰ ਨਾ ਵਿਸਰੇਂ
ਉਹਨਾਂ ਸਾਮ੍ਹਣੇ ਸ਼ਾਹ ਸੁਲਤਾਨ ਲੋਕ ਕੀੜੀ ਜਿੰਨੀ ਹੈਸੀਅਤ ਵੀ ਨਹੀਂ ਰੱਖਦੇ।

they do not hold the status of even an 'ant', in front of those -
who do not forget God from their minds.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ.....**

# ਬਸਤੀਵਾਦੀ ਰਾਜ, ਨਾਮਧਾਰੀ ਸਾਹਿਤ ਤੇ ਇਤਿਹਾਸ ਦ੍ਰਿਸ਼ਟੀ



**ਡਾ. ਸੁਖਦੇਵ ਸਿੰਘ ਸਿਰਸਾ**

***98156-36565***

ਬਰਤਾਨਵੀ ਸਾਮਰਾਜ ਦੇ ਬਸਤੀਵਾਦੀ ਪ੍ਰਬੰਧ ਦੀ ਲੁੱਟ ਅਤੇ ਦਮਨਕਾਰੀ ਨੀਤੀਆਂ ਦੇ ਖ਼ਿਲਾਫ਼ ਭਾਰਤੀ ਖਿੱਤੇ ਵਿੱਚ ਅਨੇਕਾਂ ਧਾਰਮਿਕ, ਸਮਾਜਿਕ ਅਤੇ ਰਾਜਸੀ ਸੰਗਠਨਾਂ ਨੇ ਲਹੂ-ਵੀਟਵੇਂ ਸੰਘਰਸ਼ਾਂ ਦੇ ਰੂਪ ਵਿੱਚ ਆਪਣੀ-ਆਪਣੀ ਭੂਮਿਕਾ ਨਿਭਾਈ। ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਦੀ ਇਤਿਹਾਸਕਾਰੀ ਸਮੇਂ ਬਸਤੀਵਾਦੀ ਵਿਚਾਰਧਾਰਾ ਦੇ ਸਮਰਥਕਾਂ, ਉਦਾਰ ਬੁਰਜੂਆ ਇਤਿਹਾਸਕਾਰਾਂ, ਪ੍ਰਸ਼ਾਸਨਿਕ ਅਧਿਕਾਰੀਆਂ ਦੀਆਂ ਲਿਖਤਾਂ ਅਤੇ ਮੁੱਖ ਧਾਰਾ ਦੇ ਇਤਿਹਾਸਕਾਰਾਂ ਨੇ ਖੇਤਰੀ ਜਨ-ਅੰਦੋਲਨਾਂ ਅਤੇ ਧਾਰਮਿਕ ਸੰਗਠਨਾਂ ਦੇ ਸੰਘਰਸ਼ਾਂ ਨੂੰ ਕਾਨੀਬੰਧ ਕਰਨ ਸਮੇਂ ਬਣਦੀ ਤਵੱਜੋਂ ਨਹੀਂ ਦਿੱਤੀ। ਬਰਤਾਨਵੀ ਹਾਕਮਾਂ ਤੇ ਉਨ੍ਹਾਂ ਦੇ ਪ੍ਰਤੀਨਿਧ (ਗੋਲੇ) ਇਤਿਹਾਸਕਾਰਾਂ ਨੇ ਤਾਂ ਆਪਣੇ ਵਿਚਾਰਧਾਰਕ ਤੇ ਜਮਾਤੀ ਹਿਤਾਂ ਕਰਕੇ ਭਾਰਤੀ ਸੁਤੰਤਰਤਾ ਸੰਗਰਾਮ ਦੇ ਇਤਿਹਾਸ-ਲੇਖਣ ਨੂੰ ਸੁਚੇਤ ਤੌਰ ’ਤੇ ਸੰਪ੍ਰਦਾਇਕ ਰੰਗ ਦਿੱਤਾ, ਪਰ ਸਾਡੇ ਆਪਣੇ ਇਤਿਹਾਸਕਾਰ ਵੀ ਆਪਣੇ-ਆਪਣੇ ਜਾਤੀ-ਜਮਾਤੀ ਹਿਤਾਂ ਤੇ ਇਤਿਹਾਸ-ਬੋਧ ਦੀਆਂ ਸੀਮਾਵਾਂ ਕਾਰਨ ਇਤਿਹਾਸ ਲੇਖਨ ਨੂੰ ਸਹੀ ਵਿਗਿਆਨਕ ਨਜ਼ਰੀਆ ਪ੍ਰਦਾਨ ਨਹੀਂ ਕਰ ਸਕੇ। ਖੱਬੇਪੱਖੀ ਚਿੰਤਕਾਂ ਤੇ ਇਤਿਹਾਸਕਾਰਾਂ ਨੇ ਵੀ ਖੇਤਰੀ ਸੰਘਰਸ਼ਾਂ ਅਤੇ ਧਾਰਮਿਕ ਲਹਿਰਾਂ (ਸੰਗਠਨਾਂ) ਦੇ ਕੌਮੀ ਸੁਤੰਤਰਤਾ ਸੰਗਰਾਮ ਵਿਚਲੇ ਯੋਗਦਾਨ ਨੂੰ ਸਹੀ ਸਮਾਜਿਕ-ਸੱਭਿਆਚਾਰਕ ਤੇ ਇਤਿਹਾਸਕ ਪਿੱਠ-ਭੂਮੀ ਵਿੱਚ ਰੱਖ ਕੇ ਨਹੀਂ ਸਮਝਿਆ। ਨਿਰਸੰਦੇਹ, ਭਾਰਤ ਦੇ ਕੌਮੀ ਮੁਕਤੀ ਅੰਦੋਲਨ ਦੌਰਾਨ ਉਭਰੀਆਂ ਧਾਰਮਿਕ ਲਹਿਰਾਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ, ਪਰ ਇਨ੍ਹਾਂ ਲਹਿਰਾਂ ਦੀ ਸੀਮਾ ਇਹ ਸੀ ਕਿ ਇਹ ਆਪਣੀਆਂ ਪੂਰਵ-ਧਾਰਨਾਵਾਂ (prejudices) ਤੇ ਮਿੱਥਕ-ਚੇਤਨਾ ਕਰਕੇ ਸੰਪ੍ਰਦਾਇਕ ਤੰਗ ਨਜ਼ਰੀਏ ਦਾ ਸ਼ਿਕਾਰ ਹੁੰਦੀਆਂ ਰਹੀਆਂ ਅਤੇ ਇੱਕ ਹੱਦ ਤੱਕ ਵਿਸ਼ਾਲ ਕੌਮੀ ਮੋਰਚੇ ਨੂੰ ਕਮਜ਼ੋਰ ਕਰਨ ਦੀਆਂ ਦੋਸ਼ੀ ਬਣੀਆਂ। ਪੰਜਾਬ ਦੀਆਂ ਧਾਰਮਿਕ ਲਹਿਰਾਂ - ਆਰੀਆ ਸਮਾਜ, ਬ੍ਰਹਮੋ ਸਮਾਜ, ਦੇਵ ਸਮਾਜ, ਨਾਮਧਾਰੀ (ਕੂਕਾ) ਲਹਿਰ, ਸਿੰਘ ਸਭਾ ਲਹਿਰ, ਚੀਫ਼ ਖ਼ਾਲਸਾ ਦੀਵਾਨ ਅਤੇ ਅਹਿਮਦੀਆ ਲਹਿਰ ਆਦਿ ਦੀਆਂ ਸੰਭਾਵਨਾਵਾਂ ਅਤੇ ਵਿਚਾਰਧਾਰਕ ਸੀਮਾਵਾਂ ਨੂੰ ਇੱਕੋ ਵੇਲੇ ਦ੍ਰਿਸ਼ਟੀਗੋਚਰ ਕੀਤੇ ਬਿਨਾਂ ਕੌਮੀ ਮੁਕਤੀ ਸੰਗਰਾਮ ਵਿੱਚ ਇਨ੍ਹਾਂ ਦੀ ਇਤਿਹਾਸਕ ਭੂਮਿਕਾ ਦਾ ਨਿਰਣਾ ਨਹੀਂ ਕੀਤਾ ਜਾ ਸਕਦਾ।

ਸਿੱਖ ਸਮਾਜ ਦੀ ਪੁਨਰ-ਸੁਰਜੀਤੀ ਲਈ ਅਪ੍ਰੈਲ 1857 ਈ. 'ਚ ਉਦੈ ਹੋਈ ਕੂਕਾ ਲਹਿਰ ਦਾ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਗੌਰਵਮਈ ਯੋਗਦਾਨ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੇ ਪੰਜਾਬ ਵਿੱਚ ਬਸਤੀਵਾਦੀ ਹਕੂਮਤ ਦੀ ਸਥਾਪਨਾ ਤੋਂ ਬਾਅਦ ਸਿੱਖ ਸਮਾਜ ਰਾਜਸੀ, ਆਰਥਿਕ ਤੇ ਸਮਾਜਿਕ ਸੰਕਟਾਂ 'ਚੋਂ ਹੀ ਨਹੀਂ ਸੀ ਗੁਜ਼ਰ ਰਿਹਾ, ਸਗੋਂ ਉਹ ਗਹਿਰੇ ਮਾਨਸਿਕ ਵਿਸ਼ਾਦ ਤੇ ਸਦਮੇ ਦੀ ਸਥਿਤੀ ਵਿੱਚ ਸੀ। ਰਣਜੀਤ ਸਿੰਘ ਦੇ ਇੱਕ-ਪੁਰਖੇ ਸਾਮੰਤੀ ਰਾਜ ਸਮੇਂ ਹੀ ਸਿੱਖ ਸਾਮੰਤਸ਼ਾਹੀ, ਰਾਜ ਦਰਬਾਰੀ ਅਤੇ ਪੁਜਾਰੀ ਵਰਗ ਸਿੱਖ ਸਿਧਾਂਤਾਂ ਤੇ ਆਦਰਸ਼ਾਂ ਨੂੰ ਤਿਆਗ ਕੇ ਨੈਤਿਕ ਅਤੇ ਮਾਨਸਿਕ ਪੱਖੋਂ ਪਤਨ ਦੇ ਰਾਹ ਪੈ ਚੁੱਕੇ ਸਨ। ਸਤਿਗੁਰੂ ਰਾਮ ਸਿੰਘ ਸਿੱਖ ਸਮਾਜ ਦੇ ਸਿੱਖ-ਸਿਧਾਂਤਾਂ, ਆਦਰਸ਼ਾਂ ਤੇ ਜੀਵਨ-ਜਾਚ ਤੋਂ ਥਿੜਕ ਜਾਣ ਨੂੰ ਹੀ ਸਿੱਖ ਰਾਜ ਦੇ ਖ਼ਾਤਮੇ ਤੇ ਬਸਤੀਵਾਦੀ ਪ੍ਰਬੰਧ ਦੀ ਗ਼ੁਲਾਮੀ ਦਾ ਕਾਰਨ ਮੰਨਦੇ ਸਨ। ਉਨ੍ਹਾਂ ਦਾ ਆਦਰਸ਼ ਗੁਰੂ ਗੋਬਿੰਦ ਸਿੰਘ ਦੁਆਰਾ ਚਿਤਵਿਆ 'ਖ਼ਾਲਸਾ' ਅਤੇ ਖਾਲਸਾ ਰਾਜ ਦੀ ਮੁੜ ਸਥਾਪਨਾ ਜਾਂ ਬਹਾਲੀ ਸੀ। ਕੂਕਾ ਲਹਿਰ ਦਾ ਪਹਿਲਾ ਪੜਾਅ ਨਿਰੋਲ ਧਰਮ ਸੁਧਾਰਾਂ ਤੇ ਦੂਜਾ ਸਮਾਜ-ਸੁਧਾਰ ਤੱਕ ਮਹਿਦੂਦ ਸੀ। ਕੂਕਿਆਂ ਨੂੰ ਸਿੱਖ ਰਹਿਤ ਮਰਿਆਦਾ ਦੇ ਪਾਬੰਦ ਰਹਿਣ, ਨਾਮ ਜਪਣ, ਸਾਦਗੀ ਤੇ ਸੰਜਮੀ ਜੀਵਨ ਜਿਊਣ, ਧੀਆਂ ਨਾ ਮਾਰਨ, ਧੀਆਂ ਨੂੰ ਵੇਚਣ ਤੇ ਵੱਟੇ ਦੇ ਵਿਆਹ ਦੀ ਮਨਾਹੀ, ਆਨੰਦ ਮਰਿਆਦਾ ਨਾਲ ਸਾਦੇ ਵਿਆਹ ਕਰਨ, ਮੁੰਡੇ ਕੁੜੀ ਵਿੱਚ ਵਿਤਕਰਾ ਨਾ ਕਰਨ, ਧੀਆਂ ਨੂੰ ਪੜ੍ਹਾਉਣ, ਔਰਤਾਂ ਨੂੰ ਅੰਮ੍ਰਿਤ ਛਕਣ ਤੇ ਕਛਹਿਰਾ ਧਾਰਨ ਕਰਨ ਦਾ ਹੱਕ ਦੇਣ, ਸਮਾਜਿਕ ਤੇ ਧਾਰਮਿਕ ਕੰਮਾਂ ਵਿੱਚ ਔਰਤ ਦੀ ਬਰਾਬਰ ਦੀ ਭਾਗੀਦਾਰੀ, ਸ਼ਰਾਬ ਤੇ ਮਾਸ ਦਾ ਸੇਵਨ ਨਾ ਕਰਨ, ਪਰ-ਨਾਰੀ ਸੰਗ ਦੀ ਮਨਾਹੀ, ਲੋੜਵੰਦਾਂ ਤੇ ਗਰੀਬਾਂ ਦੀ ਸਹਾਇਤਾ

ਕਰਨ ਅਤੇ ਮੜ੍ਹੀ-ਮਸਾਣਾਂ ਦੀ ਪੂਜਾ ਨਾ ਕਰਨ ਦੀਆਂ ਹਦਾਇਤਾਂ ਸਨ। ਧਰਮ ਤੇ ਸਮਾਜ ਸੁਧਾਰਾਂ (1863 ਈ. ਤੱਕ) ਤੋਂ ਅਗਲਾ ਪੜਾਅ ਕੂਕਾ ਲਹਿਰ ਦੀ ਅਸਿੱਧੀ ਰਾਜਸੀ ਸਰਗਰਮੀ ਦਾ ਦੌਰ ਹੈ। ਸਤਿਗੁਰੂ ਰਾਮ ਸਿੰਘ ਨੇ ਪੰਜਾਬ ਵਿੱਚ 22 ਸੂਬਿਆਂ ਦੀ ਸਥਾਪਨਾ ਕਰਕੇ ਬਸਤੀਵਾਦੀ ਹਕੂਮਤ ਦੇ ਸਮਾਨੰਤਰ ਕੂਕਾ-ਪ੍ਰਬੰਧ ਦਾ ਐਲਾਨ ਕੀਤਾ। ਉਨ੍ਹਾਂ ਨੇ ਬਸਤੀਵਾਦੀ ਹਕੂਮਤ ਦੇ ਪ੍ਰਸ਼ਾਸਨਿਕ ਢਾਂਚੇ ਦੇ ਸਮਾਨੰਤਰ ਕੂਕਿਆਂ ਦੇ ਆਪਣੇ ਸਿੱਖਿਆ ਪ੍ਰਬੰਧ, ਪੰਚਾਇਤੀ ਨਿਆਂ-ਪ੍ਰਣਾਲੀ, ਕੂਕਾ ਡਾਕ-ਪ੍ਰਬੰਧ ਤੇ ਆਵਾਜਾਈ ਦੇ ਸਾਧਨਾਂ ਨੂੰ ਵਿਕਸਤ ਕਰਨ ਦਾ ਸੱਦਾ ਦਿੱਤਾ। ਬਰਤਾਨਵੀ ਸਾਮਰਾਜ ਦੇ ਆਰਥਿਕ ਆਧਾਰ 'ਤੇ ਸੱਟ ਮਾਰਨ ਲਈ ਉਨ੍ਹਾਂ ਨੇ ਬਦੇਸ਼ੀ ਮਾਲ ਦੇ ਬਾਈਕਾਟ ਤੇ ਸਵਦੇਸ਼ੀ ਵਸਤਾਂ ਦੀ ਵਰਤੋਂ ਉੱਪਰ ਬਲ ਦਿੱਤਾ। ਬਸਤੀਵਾਦੀ ਰਾਜ ਦੇ ਡਾਕ-ਤਾਰ ਵਿਭਾਗ, ਰੇਲਾਂ, ਸਕੂਲਾਂ/ਕਾਲਜਾਂ ਅਤੇ ਕਚਹਿਰੀਆਂ ਦੇ ਬਾਈਕਾਟ ਦੁਆਰਾ ਉਨ੍ਹਾਂ ਨੇ ਨਾ-ਮਿਲਵਰਣ ਦੇ ਸਿਧਾਂਤ ਨੂੰ ਰਾਜਸੀ ਗੁਰਮੰਤਰ ਵਜੋਂ ਪਹਿਲੀ ਵਾਰ ਸਫ਼ਲਤਾ ਨਾਲ ਵਰਤਿਆ। ਕੂਕਾ ਅੰਦੋਲਨ ਨੂੰ ਵਿਆਪਕ ਜਨ-ਆਧਾਰ ਦੇਣ ਲਈ ਸਤਿਗੁਰੂ ਰਾਮ ਸਿੰਘ ਨੇ ਪੰਜਾਬ ਦੇ ਵੱਖ-ਵੱਖ ਇਲਾਕਿਆਂ 'ਚ ਪ੍ਰਚਾਰ ਦੌਰੇ ਕੀਤੇ। ਉਹ ਇਹ ਵੀ ਮਹਿਸੂਸ ਕਰਦੇ ਸਨ ਕਿ ਇਕੱਲਾ ਸਿੱਖ ਸਮਾਜ ਜਾਂ ਨਾਮਧਾਰੀ ਭਾਈਚਾਰਾ ਸ਼ਕਤੀਸ਼ਾਲੀ ਬਰਤਾਨਵੀ ਸਾਮਰਾਜ ਦਾ ਟਾਕਰਾ ਨਹੀਂ ਕਰ ਸਕਦਾ, ਇਸ ਲਈ ਉਨ੍ਹਾਂ ਨੇ ਭਾਰਤ ਦੀਆਂ ਦੇਸੀ ਰਿਆਸਤਾਂ – ਗਵਾਲੀਅਰ, ਲਖਨਊ, ਕਸ਼ਮੀਰ, ਬਨਾਰਸ, ਹੈਦਰਾਬਾਦ ਤੇ ਨਿਪਾਲ ਆਦਿ ਅਤੇ ਗੁਆਂਢੀ ਮੁਲਕਾਂ ਅਫ਼ਗਾਨਿਸਤਾਨ ਤੇ ਰੂਸ ਨਾਲ ਕੂਟਨੀਤਕ ਸੰਬੰਧ ਬਣਾਏ। ਕੂਕਿਆਂ ਨੂੰ ਸੈਨਿਕ ਸਿਖਲਾਈ ਦੇਣ ਲਈ ਉਨ੍ਹਾਂ ਨੇ ਕਸ਼ਮੀਰ ਦੇ ਮਹਾਰਾਜਾ ਰਣਬੀਰ ਸਿੰਘ ਦੀ ਸਹਿਮਤੀ ਨਾਲ ਕੁਝ ਕੂਕੇ ਕਸ਼ਮੀਰ ਰਜਮੈਂਟ ਵਿੱਚ ਭਰਤੀ ਕਰਵਾਏ। ਕੂਕਾ ਲਹਿਰ ਅਹਿੰਸਾ ਦੇ ਸਿਧਾਂਤ ਉੱਪਰ ਟਿਕੀ ਹੋਈ ਸੀ, ਪਰ ਜਦੋਂ ਅੰਗਰੇਜ਼ ਹਾਕਮਾਂ ਨੇ ਪੰਜਾਬ ਵਿੱਚ ਸੰਪ੍ਰਦਾਇਕ ਤਣਾਉ ਪੈਦਾ ਕਰਨ ਦੀ ਨੀਤ ਨਾਲ ਬੁੱਚੜਖ਼ਾਨੇ ਖੋਲ੍ਹਣ ਦੀ ਇਜਾਜ਼ਤ ਦਿੱਤੀ, ਤਾਂ ਕੁਝ ਕੂਕੇ ਸਿੰਘ ਹਿੰਸਕ ਹੋ ਗਏ। ਅੰਮ੍ਰਿਤਸਰ, ਰਾਇਕੋਟ ਅਤੇ ਮਲੇਰਕੋਟਲੇ ਦੇ ਬੁੱਚੜਾਂ ਦੇ ਕਤਲਾਂ ਤੋਂ ਬਾਅਦ ਕੂਕਾ ਲਹਿਰ ਅੰਗਰੇਜ਼ ਹਕੂਮਤ ਨਾਲ ਸਿੱਧੇ ਟਕਰਾਉ ਵਿੱਚ ਆ ਗਈ।

ਧਾਰਮਿਕ ਤੇ ਸੁਧਾਰਵਾਦੀ ਦਿੱਖ ਵਾਲੀ ਨਾਮਧਾਰੀ ਲਹਿਰ ਦੇ ਸਰੋਕਾਰ, ਨਿਰਸੰਦੇਹ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਸਨ। ਇਸ ਲਹਿਰ ਨੇ ਪੰਜਾਬ ਵਿੱਚ ਸਿੱਖ ਸਮਾਜ ਦੇ ਨੈਤਿਕ ਉਥਾਨ ਤੇ ਸੱਭਿਆਚਾਰਕ ਨਵ-ਜਾਗਰਣ ਦੀ ਭੂਮਿਕਾ ਵੀ ਨਿਭਾਈ ਅਤੇ ਕੌਮੀ ਸੁਤੰਤਰਤਾ ਸੰਗਰਾਮ ਵਿੱਚ ਜੁਝਾਰੂ ਸਪਿਰਟ ਪੈਦਾ ਕੀਤੀ। ਕੂਕਿਆਂ ਦੀ ਇਖ਼ਲਾਕੀ ਅਮੀਰੀ, ਚਰਿੱਤਰ ਦੀ ਬੁਲੰਦੀ, ਆਦਰਸ਼ਕ ਮਾਨਵੀ ਜੀਵਨ-ਜਾਚ, ਦ੍ਰਿੜ ਕੌਮੀ ਭਾਵਨਾ, ਕੁਰਬਾਨੀ ਦੇ ਜਜ਼ਬੇ ਅਤੇ ਸਮਾਜਿਕ ਬਰਾਬਰੀ, ਨਿਆਂ ਤੇ ਆਜ਼ਾਦੀ ਦੀ ਪ੍ਰਾਪਤੀ ਲਈ ਜੁਝਾਰੂ ਬਿਰਤੀ ਨੇ ਜਾਬਰ ਅੰਗਰੇਜ਼ ਹੁਕਮਰਾਨਾਂ ਨੂੰ ਵੀ ਹੈਰਾਨ ਤੇ ਪ੍ਰਭਾਵਿਤ ਕੀਤਾ। ਅੰਮ੍ਰਿਤਸਰ ਦੇ ਬੁੱਚੜਾਂ ਨੂੰ ਮਾਰਨ ਵਾਲੇ ਕੂਕਿਆਂ ਨੇ ਨਿਰਦੋਸ਼ ਫਾਂਸੀ ਲੱਗਣ ਵਾਲੇ ਹਿੰਦੂਆਂ ਨੂੰ ਬਚਾਉਣ ਲਈ ਆਪਣਾ ਜੁਰਮ ਕਬੂਲ ਕਰਕੇ ਤੇ ਫਾਂਸੀ ਦੇ ਫੰਦੇ 'ਤੇ ਝੂਲ ਕੇ ਜਿਸ ਉੱਚ ਇਖ਼ਲਾਕੀ ਮਿਆਰ ਤੇ ਨੈਤਿਕ ਅਮੀਰੀ ਦਾ ਸਬੂਤ ਦਿੱਤਾ, ਉਸ ਦੇ ਉਦਾਹਰਨ ਇਤਿਹਾਸ ਵਿੱਚ ਘੱਟ ਹੀ ਮਿਲਦੇ ਹਨ। ਕੌਮੀ ਸੁਤੰਤਰਤਾ ਸੰਗਰਾਮ ਵਿੱਚ ਨਾਮਧਾਰੀ ਲਹਿਰ ਦੇ ਯੋਗਦਾਨ, ਉਸ ਦੇ ਗੌਰਵਸ਼ਾਲੀ ਇਤਿਹਾਸ ਅਤੇ ਉੱਚ-ਪਾਏ ਦੇ ਸਾਹਿਤ ਨੂੰ ਜਿੰਨੀ ਗੰਭੀਰਤਾ ਤੇ ਸੰਜੀਦਗੀ ਨਾਲ ਵਿਚਾਰਿਆ ਜਾਣਾ ਚਾਹੀਦਾ ਸੀ, ਉਹ ਹੱਕ ਅਸੀਂ ਅਦਾ ਨਹੀਂ ਕੀਤਾ। ਬਸਤੀਵਾਦ ਦੀ ਗ਼ੁਲਾਮੀ ਤੋਂ ਆਜ਼ਾਦ ਹੋਣ ਬਾਅਦ ਸਾਡੀਆਂ ਆਪਣੀਆਂ ਚੁਣੀਆਂ ਸਰਕਾਰਾਂ ਨੇ ਵੀ ਨਾਮਧਾਰੀ ਲਹਿਰ ਅਤੇ ਗ਼ਦਰ ਲਹਿਰ ਵਰਗੇ ਉੱਚ-ਦੁਮਾਲੜੇ ਸੰਗਠਨਾਂ ਦੀ ਦੇਣ ਨੂੰ ਅਣਡਿੱਠ ਕਰੀ ਰੱਖਿਆ ਹੈ। ਕੌਮੀ ਤੇ ਕੌਮਾਂਤਰੀ ਮਹੱਤਵ ਵਾਲੀਆਂ ਇਨ੍ਹਾਂ ਕ੍ਰਾਂਤੀਕਾਰੀ ਲਹਿਰਾਂ ਦਾ ਸਾਹਿਤ ਨਾ ਸਾਡੇ ਸਾਹਿਤ ਦੇ ਇਤਿਹਾਸਾਂ ਦਾ ਸਹੀ ਮਾਅਨਿਆਂ 'ਚ ਅੰਗ ਬਣਿਆ ਹੈ ਅਤੇ ਨਾ ਹੀ ਉੱਚ ਅਕਾਦਮਿਕ ਅਦਾਰਿਆਂ ਦੇ ਸਿਲੇਬਸਾਂ ਅਤੇ ਖੋਜ ਦਾ ਹਿੱਸਾ ਬਣਿਆ ਹੈ। ਜੋ ਵਿਰਲੇ ਟਾਵੇਂ ਯਤਨ ਹੋਏ ਹਨ, ਉਹ ਇਨ੍ਹਾਂ ਲਹਿਰਾਂ ਦੇ ਸਾਹਿਤ ਅਤੇ ਇਨ੍ਹਾਂ ਦੇ ਯੋਗਦਾਨ ਦੀ ਪ੍ਰਮਾਣਿਕ ਇਤਿਹਾਸਕਾਰੀ ਦੇ ਜਾਮਨ ਨਹੀਂ ਬਣਦੇ।

ਨਾਮਧਾਰੀ ਲਹਿਰ ਦੇ ਸਾਹਿਤ ਦਾ ਮੁੱਲਾਂਕਣ ਕਈ ਨੁਕਤਿਆਂ ਤੋਂ ਦਿਲਚਸਪ ਹੈ। (ੳ) ਨਾਮਧਾਰੀ ਭਾਈਚਾਰੇ ਦੇ ਸਮੂਹਿਕ ਤੇ ਰਾਜਸੀ ਅਵਚੇਤਨ ਨੂੰ ਸਮਝਣ ਲਈ, (ਅ) ਪੰਜਾਬੀ ਸਿਰਜਣਾਤਮਿਕਤਾ ਵਿੱਚ ਨਾਮਧਾਰੀ ਲੇਖਕਾਂ ਦੀ ਵਿਲੱਖਣਤਾ ਨੂੰ ਜਾਣਨ ਲਈ, (ੲ) ਕੌਮੀ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਅਤੇ ਉਸ ਵਿੱਚ ਕੂਕਿਆਂ ਦੇ ਯੋਗਦਾਨ ਨੂੰ ਅੰਕਣ ਲਈ (ਸ) ਪਿਛਲੀ ਡੇਢ ਸਦੀ ਵਿੱਚ ਪੰਜਾਬੀ ਭਾਸ਼ਾ ਵਿੱਚ ਵਾਪਰੇ ਪਰਿਵਰਤਨਾਂ ਨੂੰ ਜਾਣਨ ਲਈ ਅਤੇ (ਹ) ਨਾਮਧਾਰੀ ਸਾਹਿਤ ਦੇ ਕਲਾਤਮਿਕ ਅਤੇ ਸੁਹਜਾਤਮਿਕ ਮਿਆਰਾਂ ਦੀ ਨਿਸ਼ਾਨਦੇਹੀ ਕਰਨ ਲਈ ਨਾਮਧਾਰੀ ਲਹਿਰ ਦੇ ਸਾਹਿਤ ਨੂੰ ਸਰੋਤ ਸਮੱਗਰੀ ਵਜੋਂ ਦੇਖਿਆ/ਵਾਚਿਆ ਜਾ ਸਕਦਾ ਹੈ। ਸ਼ਰਧਾਮੂਲਕ ਦ੍ਰਿਸ਼ਟੀ ਨਾਲ ਲਿਖਿਆ ਹੋਣ ਦੇ

ਬਾਵਜੂਦ ਕੂਕਾ ਲਹਿਰ ਦਾ ਸਾਹਿਤ ਭਾਰਤ ਦੇ ਪਿਛਲੇ ਡੇਢ ਸਦੀ ਦੇ ਇਤਿਹਾਸ ਤੇ ਖ਼ਾਸ ਕਰਕੇ ਕੌਮੀ ਮੁਕਤੀ ਅੰਦੋਲਨ ਦੇ ਸ਼ਾਨਾਮੱਤੇ ਵਿਰਸੇ ਦੇ ਕਈ ਹਨੇਰੇ ਕੋਨਿਆਂ ਉੱਪਰ ਰੌਸ਼ਨੀ ਪਾਉਂਦਾ ਹੈ। ਪੰਜਾਬ ਦੇ ਰਾਜਸੀ ਅਵਚੇਤਨ, ਸੱਭਿਆਚਾਰਕ ਸੁਚੇਤਨਾ 'ਚ ਵਾਪਰਦੇ ਪਰਿਵਰਤਨਾਂ ਅਤੇ ਕੌਮੀ ਤੇ ਕੌਮਾਂਤਰੀ ਪੱਧਰ ਦੇ ਵਰਤਾਰਿਆਂ ਪ੍ਰਤੀ ਪੰਜਾਬੀਆਂ ਦੇ ਹੁੰਗਾਰੇ ਦੀ ਨਿਸ਼ਾਨਦੇਹੀ ਵੀ ਨਾਮਧਾਰੀ ਸਾਹਿਤ ਵਿੱਚੋਂ ਕੀਤੀ ਜਾ ਸਕਦੀ ਹੈ। ਅਕਸਰ ਕਿਹਾ ਜਾਂਦਾ ਹੈ ਕਿ ਸੱਤਾਧਾਰੀ ਧਿਰਾਂ ਦੇ ਵਿਚਾਰਧਾਰਕ ਪੈਂਤੜੇ, ਉਦਾਰ ਬੁਰਜੂਆ ਚਿੰਤਕਾਂ ਅਤੇ ਰਾਸ਼ਟਰਵਾਦੀ ਦ੍ਰਿਸ਼ਟੀ ਤੋਂ ਲਿਖੇ ਇਤਿਹਾਸਾਂ ਵਿੱਚੋਂ 'ਲੋਕ' (people) ਗ਼ੈਰਹਾਜ਼ਰ ਹੁੰਦੇ ਹਨ। ਨਾਮਧਾਰੀ ਬਿਰਤਾਂਤਾਂ ਦਾ ਅਧਿਐਨ ਲੋਕ-ਮੁਖੀ ਇਤਿਹਾਸਕਾਰੀ ਦੇ ਨਿਰਮਾਣ ਦੇ ਨੁਕਤੇ ਤੋਂ ਵੀ ਮਹੱਤਵਪੂਰਨ ਹੈ। ਇਸ ਲੇਖ ਵਿੱਚ ਅਸੀਂ ਸੰਤ ਕਾਲਾ (ਕਾਹਲਾ) ਸਿੰਘ ਨੰਗਲ ਰਚਿਤ 'ਬਾਰਾਂਮਾਹ' ਤੇ 'ਪੈਂਤੀ ਅਖਰੀ' ਉੱਪਰ ਉਸ ਦੀ ਇਤਿਹਾਸ-ਦ੍ਰਿਸ਼ਟੀ ਦੇ ਹਵਾਲੇ ਨਾਲ ਚਰਚਾ ਕਰਾਂਗੇ।

ਨਾਮਧਾਰੀ ਲਹਿਰ ਦੇ ਮੁੱਢਲੇ ਕਵੀਆਂ ਵਿੱਚ ਸੰਤ ਚੰਦਾ ਸਿੰਘ ਝੱਬਰ ਤੋਂ ਬਾਅਦ ਦੂਜਾ ਪ੍ਰਮੁੱਖ ਨਾਮ ਸੰਤ ਕਾਲਾ ਸਿੰਘ (ਨੰਗਲ ਕਲਾਂ, ਨੇੜੇ ਪੱਖੋਵਾਲ) ਦਾ ਹੈ। ਉਸ ਦਾ ਜਨਮ ਪਿਤਾ ਰਾਮ ਸਿੰਘ ਤੇ ਮਾਤਾ ਕਰਮ ਕੌਰ ਦੇ ਘਰ ਪਿੰਡ ਨੰਗਲ ਕਲਾਂ (ਨੇੜੇ ਪੱਖੋਵਾਲ, ਜ਼ਿਲ੍ਹਾ ਲੁਧਿਆਣਾ) ਵਿਖੇ 1865 ਈ. ਵਿੱਚ ਹੋਇਆ। ਉਸ ਦੀ ਜਾਤੀ ਨਾਮਾ ਬੰਸ ਤੇ ਗੋਤ ਨਿੱਝਰ ਸੀ। ਜੱਦੀ ਪਿੰਡ ਛੱਡ ਕੇ ਉਹ ਪੱਖੋਵਾਲ ਆ ਵੱਸਿਆ। ਪਿਤਾ-ਪੁਰਖੀ ਦਰਜ਼ੀ ਦਾ ਕਿੱਤਾ ਤਿਆਗ ਕੇ ਉਹ ਠਠਿਆਰ ਦਾ ਕਸਬ ਕਰਨ ਲੱਗ ਪਿਆ। ਉਸ ਨੇ ਆਪਣੀਆਂ ਰਚਨਾਵਾਂ ਵਿੱਚ ਆਪਣੇ ਪਰਿਵਾਰ ਦੇ ਪਿਛੋਕੜ, ਕਿੱਤੇ, ਜਾਤੀ, ਗੋਤਰ, ਪਰਿਵਾਰਕ ਮੈਂਬਰਾਂ ਅਤੇ ਨਾਮਧਾਰੀ ਪੰਥ ਵਿੱਚ ਸ਼ਾਮਿਲ ਹੋਣ ਦੇ ਵੇਰਵੇ ਬਹੁਤ ਵਿਸਥਾਰ 'ਚ ਦਿੱਤੇ ਹਨ। ਉਸ ਦੇ ਦੋ ਭਾਈ – ਸੁੰਦਰ ਸਿੰਘ ਤੇ ਮਤਾਬ ਸਿੰਘ ਸਨ। ਉਸ ਦੇ ਪੁੱਤਰਾਂ ਦੇ ਨਾਮ ਹੀਰਾ ਸਿੰਘ ਤੇ ਬਿਸ਼ਨ ਸਿੰਘ ਸਨ। ਉੱਘਾ ਨਾਮਧਾਰੀ ਲੇਖਕ ਤੇ ਇਤਿਹਾਸਕਾਰ ਬਿਸ਼ਨ ਸਿੰਘ ਹਿਸਟੋਰੀਅਨ ਉਸ ਦਾ ਪੁੱਤਰ ਸੀ, ਜਿਸ ਨੇ ਉਸ ਦੀਆਂ ਅਣਛਪੀਆਂ ਲਿਖਤਾਂ ਦਾ ਸੰਪਾਦਨ ਵੀ ਕੀਤਾ ਤੇ ਉਨ੍ਹਾਂ ਨੂੰ ਛਾਪੇ ਦਾ ਜਾਮਾ ਵੀ ਪਹਿਨਾਇਆ। ਸੰਤ ਕਾਲਾ ਸਿੰਘ ਨੰਗਲ ਕਲਾਂ ਦੇ ਸਾਹਿਤਕ ਹਲਕਿਆਂ ਵਿੱਚ ਦੋ ਨਾਮ ਪ੍ਰਚੱਲਿਤ ਰਹੇ ਹਨ। ਡਾ. ਹਰਿਭਜਨ ਸਿੰਘ ਅਤੇ ਸੁਵਰਨ ਸਿੰਘ ਵਿਰਕ ਨੇ ਆਪਣੀਆਂ ਲਿਖਤਾਂ ਵਿੱਚ ਸੰਤ ਕਾਹਲਾ ਸਿੰਘ ਲਿਖਿਆ ਹੈ। ਕਿਰਪਾਲ ਸਿੰਘ ਕਸੇਲ, ਤਾਰਾ ਸਿੰਘ ਅਣਜਾਣ, ਡਾ. ਗੁਰਦੇਵ ਸਿੰਘ ਸਿੱਧੂ ਅਤੇ ਦੇਵਿੰਦਰ ਸਿੰਘ (ਜੀਆ ਨੱਥਾ) ਨੇ ਉਨ੍ਹਾਂ ਵਾਸਤੇ ਸੰਤ ਕਾਲਾ ਸਿੰਘ (ਨੰਗਲ) ਸ਼ਬਦ ਦਾ ਪ੍ਰਯੋਗ ਕੀਤਾ ਹੈ। ਲੇਖਕ ਨੇ ਖ਼ੁਦ ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਨੇ ਉਸ ਵਾਸਤੇ ਦੋਵੇਂ ਨਾਵਾਂ ਦੀ ਵਰਤੋਂ ਕੀਤੀ ਹੈ। 'ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼' ਦੀ 1914 ਈ. ਵਾਲੀ ਪਹਿਲੀ ਛਾਪ ਵਿੱਚ ਕਰਤਾ ਵਜੋਂ 'ਗਿਆਨੀ ਭਾਈ ਕਾਲਾ ਸਿੰਘ ਨਾਮਧਾਰੀਆ' ਨਾਮ ਅੰਕਿਤ ਹੈ। 'ਪੈਂਤੀ (ਪੈਂਤੀਸ) ਅਖਰੀ' ਅਤੇ 'ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼' ਵਿੱਚ ਲੇਖਕ ਖ਼ੁਦ ਆਪਣੇ ਬਾਰੇ ਇਹ ਜਾਣਕਾਰੀ ਦਿੰਦਾ ਹੈ:-

(ੳ) ਨੰਗਲ ਵੱਡਾ ਪੱਖੋਵਾਲ ਵਾਸ ਮੇਰਾ,
ਭੈਣੀ ਸਾਹਿਬੋਂ ਸੋਲਾਂ ਕੋਸ ਧਾਮ ਹੈ ਜੀ।
ਸੁੰਦਰ ਸਿੰਘ ਮਤਾਬ ਹੈ ਸਿੰਘ ਭਾਈ,
ਨਾਮਾ ਬੰਸੀਆਂ ਦਾ ਸਾਡਾ ਜਾਮ ਹੈ ਜੀ।
ਸੰਨ ਉਨੀ ਸੈ ਵਿੱਚ ਬਤਾਲੀਏ ਜੀ,
ਅਸੀਂ ਪੁੱਛਿਆ ਗੁਰੂ ਦਾ ਨਾਮ ਹੈ ਜੀ।
(ਪੈਂਤੀ ਅਖਰੀ)

(ਅ) ਜਿੱਥੇ ਜਨਮ ਲੀਤਾ ਦੇਹੀ ਧਾਰ ਕੇ ਮੈਂ,
ਨੰਗਲ ਵੱਡਾ ਹੈ ਪਿੰਡ ਮਕਾਨ ਸੰਤੋ।
ਭੈਣੀ ਸਾਹਿਬ ਤੇ ਦੱਖਣ ਦੀ ਤਰਫ ਜਾਣੋ,
ਸੋਲਾਂ ਕੋਸ ਦਾ ਫੈਸਲਾ ਮਾਨ ਸੰਤੋ।
ਸਾਲ ਉਨੀ ਸੈ ਵਿੱਚ ਬਤਾਲੀਏ ਦੇ,
ਭਜਨ ਪੁੱਛਿਆ ਸੀ ਮੈਂ ਭੀ ਆਣ ਸੰਤੋ।
ਹੀਰਾ ਸਿੰਘ ਦੂਜਾ ਬਿਸ਼ਨ ਸਿੰਘ ਬੇਟਾ,
ਸਿੱਖੀ ਸਿਦਕ ਦੇ ਨਾਮ ਬਿਆਨ ਸੰਤੋ।
(ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼)

ਕਵੀ ਦੇ ਇਕਬਾਲੀਆ ਬਿਆਨ ਅਨੁਸਾਰ ਮਲੇਰਕੋਟਲੇ ਦੇ ਸਾਕੇ ਸਮੇਂ ਉਸ ਦੀ ਉਮਰ 7 ਸਾਲ ਸੀ। ਉਹ 1885 ਈ. 'ਚ ਗੁਰੂ ਹਰੀ ਸਿੰਘ ਜੀ ਵੇਲੇ ਨਾਮਧਾਰੀ ਪੰਥ ਵਿੱਚ ਸ਼ਾਮਿਲ ਹੋਇਆ। ਠਠਿਆਰ ਦਾ ਕਿੱਤਾ ਕਰਨ ਦੇ ਨਾਲ-ਨਾਲ ਉਹ ਨਾਮਧਾਰੀ ਪ੍ਰਚਾਰਕ ਵਜੋਂ ਵੀ ਵਿਚਰਦਾ ਰਿਹਾ। ਸੰਸਕ੍ਰਿਤ, ਫ਼ਾਰਸੀ, ਬ੍ਰਜੀ ਆਦਿ ਭਾਸ਼ਾਵਾਂ ਦਾ ਗਿਆਤਾ ਇਹ ਕਵੀ ਠੇਠ ਪੰਜਾਬੀ 'ਚ ਕਵਿਤਾ ਲਿਖਦਾ ਸੀ। 'ਉਸਤਤਿ ਨਾਮਾ ਸਤਿਗੁਰੂ ਰਾਮ ਸਿੰਘ' ਪੁਸਤਕ ਲਿਖਣ ਕਰਕੇ ਉਸ ਨੂੰ ਨਜ਼ਰਬੰਦ (ਦਰਅਸਲ ਜੂਹਬੰਦ) ਕੀਤਾ ਗਿਆ ਅਤੇ ਉਸ ਦੀ ਕਾਵਿ-ਰਚਨਾ ਨੂੰ ਜ਼ਬਤ ਕਰ ਲਿਆ ਗਿਆ ਸੀ। ਸੰਤ ਕਾਲਾ ਸਿੰਘ ਨੂੰ ਕਾਵਿ-ਰਚਨਾ ਦੀ ਪ੍ਰੇਰਨਾ ਤੇ ਦੀਖਿਆ ਬਾਵਾ ਸ਼ਿਵ ਰਾਮ ਜੀ ਉਦਾਸੀ ਅਤੇ ਭਾਈ ਜੀਵਾ ਸਿੰਘ ਕਵੀਸ਼ਰ (ਨੰਗਲ ਕਲਾਂ) ਤੋਂ ਮਿਲੀ। (ਲੋਕ-ਕਾਵਿਕ ਸ਼ੈਲੀ 'ਚ ਆਪਣੇ ਸਮਕਾਲ

ਦੇ ਸੰਜੀਦਾ ਮਸਲਿਆਂ ਨੂੰ ਮੁਖ਼ਾਤਬ ਹੋਣ ਵਾਲਾ ਕਵੀ ਕਾਲਾ ਸਿੰਘ 1929 ਈ. 'ਚ ਗੁਰਪੁਰੀ ਸਿਧਾਰ ਗਿਆ ਸੀ।) ਉਸ ਦੀਆਂ ਪ੍ਰਮੁੱਖ ਕਾਵਿ-ਰਚਨਾਵਾਂ ਹਨ - ਪੈਂਤੀ ਅਖਰੀ (1889 ਈ.), 'ਉਸਤਤਨਾਮਾ ਸਤਿਗੁਰੂ ਰਾਮ ਸਿੰਘ ਜੀ', 'ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼' (1914 ਈ.), 'ਬਾਰਾਂਮਾਹ', 'ਜਨਮ ਸਾਖੀ ਭਗਤ ਰਵਿਦਾਸ ਜੀ' ਅਤੇ 'ਸ੍ਰੀ ਨਾਮਦੇਵ ਪ੍ਰਕਾਸ਼' ਆਦਿ ਹਨ। ਉਸ ਦੀਆਂ ਲਘੂ-ਆਕਾਰੀ ਰਚਨਾਵਾਂ (ਪੈਂਫਲਿਟਜ਼) - 'ਸ਼ਹੀਦ ਬਿਲਾਸ ਅੰਮ੍ਰਿਤਸਰ', 'ਸ਼ਹੀਦ ਬਿਲਾਸ ਰਾਏਕੋਟ', 'ਸਾਕਾ ਮਲੇਰਕੋਟਲਾ' ਅਤੇ 'ਕੂਕੇ ਸਿੱਖ ਤੇ ਅੰਗਰੇਜ਼ ਰਾਜ' ਵਗੈਰਾ ਵਿੱਚ ਉਸ ਦੇ ਪੁੱਤਰ ਬਿਸ਼ਨ ਸਿੰਘ ਹਿਸਟੋਰੀਅਨ ਦੀਆਂ ਸਤਰਾਂ ਦੇ ਰਲੇ ਜਾਂ ਵਾਧੇ ਹਨ। 'ਸ਼ਹੀਦ ਬਿਲਾਸ ਅੰਮ੍ਰਿਤਸਰ' ਅਤੇ 'ਜਨਮ ਸਾਖੀ ਭਗਤ ਰਵਿਦਾਸ ਜੀ' ਵਿੱਚੋਂ ਉਪਰੋਕਤ ਤੱਥਾਂ ਦੀ ਪੁਸ਼ਟੀ ਬਾਖ਼ੂਬੀ ਹੁੰਦੀ ਹੈ:

(ੳ) ਜ਼ਿਲ੍ਹਾ ਲੁਧਿਆਣਾ ਨੰਗਲ ਪਿੰਡ ਮੇਰਾ,
ਪੱਖੋਵਾਲ ਹੈ ਖ਼ਾਸ ਮਕਾਨ ਮੇਰਾ।
ਰਾਮ ਸਿੰਘ ਪਿਤਾ ਕਰਮ ਕੌਰ ਮਾਤਾ,
ਨਿੱਝਰ ਗੋਤ ਨਾਮਾ ਵੰਸ਼ੀ ਜਾਮ ਮੇਰਾ।
ਰਾਏਕੋਟ ਮੇਂ ਹੁੰਦੇ ਸ਼ਹੀਦ ਡਿੱਠੇ,
ਸਤ ਸਾਲ ਉਮਰੋਂ ਵਿੱਚ ਸੀ ਸਨਾਮ ਮੇਰਾ।
ਉਨੀ ਸੌ ਬਤਾਲੀ ਮੇਂ ਸਿੰਘ ਸਜਿਆ,
ਗੁਰੂ ਹਰੀ ਸਿੰਘ ਰੱਖਿਆ ਨਾਮ ਮੇਰਾ।
ਲਿਖੇ ਪੁਸਤਕ ਉਸਤਤ ਨਾਮਧਾਰੀਆਂ ਦੀ,
ਭੈਣੀ ਸਾਹਿਬ ਤੇ ਸੋਲਾਂ ਕੋਹ ਧਾਮ ਮੇਰਾ।
(ਸ਼ਹੀਦ ਬਿਲਾਸ - ਅੰਮ੍ਰਿਤਸਰ)

(ਅ) ਕੰਮ ਕਿਰਤ ਮੇਰੀ ਪਿੱਤਲ ਕੈਂਹ ਘੜਨੀ,
ਦਸਾਂ ਨੌਹਾਂ ਦੀ ਕਿਰਤ ਕਰਾਂਵਦਾ ਮੈਂ।
ਪਾਈ ਵਿੱਦਿਆ ਕਾਵਿ ਦੀ ਸੰਸਕ੍ਰਿਤੀ,
ਅਰਬੀ, ਫ਼ਾਰਸੀ ਇਲਮ ਨੂੰ ਪਾਂਵਦਾ ਮੈਂ।
ਪੈਂਤੀ ਅਖਰੀ ਲਿਖੀ ਕਿਤਾਬ ਪਹਿਲਾਂ,
ਜ਼ੁਲਮ ਗੋਰਿਆਂ ਦਾ ਕੀਤਾ ਛਪਾਂਵਦਾ ਮੈਂ।
ਕਥਾ ਕੋਟਲੇ ਦੀ ਤੋਪ ਜ਼ਾਲਮਾਂ ਦੀ,
ਸਿੰਘ ਸ਼ਹੀਦ ਬਤਾਂਵਦਾ ਮੈਂ।
ਏਸ ਲਿਖਣ ਪਿੱਛੋਂ ਨਜ਼ਰਬੰਦ ਰਿਹਾ,
ਰਿਹਾ ਆਪਣਾ ਜੀਵਨ ਬਤਾਂਵਦਾ ਮੈਂ।
ਸ਼ਹੀਦ ਬਿਲਾਸ ਤੇ ਪੰਥ ਪ੍ਰਕਾਸ਼ ਰਚਿਆ,
ਨਾਮਧਾਰੀ ਪ੍ਰਸੰਗ ਬਣਾਂਵਦਾ ਮੈਂ।
ਨਾਮਦੇਵ ਸਾਖੀ ਕਾਹਠ ਸ਼ਬਦ ਟੀਕਾ,
ਰਚ ਸੰਗਤਾਂ ਭੇਟ ਚੜ੍ਹਾਂਵਦਾ ਮੈਂ।
ਪਿੰਡਾਂ ਵਿੱਚ ਸਤਿਸੰਗ ਸੀ ਕੈਮ ਕੀਤਾ,
ਅੰਮ੍ਰਿਤ ਕਰ ਪ੍ਰਚਾਰ ਛਕਾਂਵਦਾ ਮੈਂ।
ਕਿਸੇ ਮਜ਼ਬ ਦੇ ਨਾਲ ਨਾ ਵੈਰ ਕਰਦਾ,
ਨਾਨਕ ਨਾਮ ਦਾ ਝੰਡਾ ਝੁਲਾਂਵਦਾ ਮੈਂ।
(ਜਨਮ ਸਾਖੀ ਭਗਤ ਰਵਿਦਾਸ ਜੀ)

ਕਵੀ ਕਾਲਾ ਸਿੰਘ ਦੇ 'ਉਸਤਤਨਾਮਾ ਸਤਿਗੁਰੂ ਰਾਮ ਸਿੰਘ' ਤੇ ਹੋਰ ਪੁਸਤਕਾਂ ਵਿੱਚ ਅੰਗਰੇਜ਼ ਦੀਆਂ ਦਮਨਕਾਰੀ ਨੀਤੀਆਂ ਦੇ ਬਿਆਨ ਕਰਕੇ ਉਸ ਨੂੰ ਅੰਗਰੇਜ਼ ਸਰਕਾਰ ਵੱਲੋਂ ਨਜ਼ਰਬੰਦ ਕੀਤਾ ਗਿਆ ਸੀ। ਆਪਣੀ ਲਘੂ-ਆਕਾਰੀ ਰਚਨਾ - 'ਕੂਕੇ ਸਿੱਖ ਤੇ ਅੰਗਰੇਜ਼ ਰਾਜ' ਵਿੱਚ ਵੀ ਉਹ ਕਹਿੰਦਾ ਹੈ: "ਸਖਤੀ ਝੱਲੀ ਹੈ ਮੈਂ ਫ਼ਰੰਗੀਆਂ ਦੀ, ਤਾਹੀਂ ਲਿਖੀ ਕਲਮ ਪਾਸਾਰ ਸਾਰੇ।" ਕਵੀ ਦੇ ਕਥਨ ਦੀ ਪੁਸ਼ਟੀ ਉਸ ਦੇ ਪੁੱਤਰ ਬਿਸ਼ਨ ਸਿੰਘ ਹਿਸਟੋਰੀਅਨ ਦੁਆਰਾ 'ਉਸਤਤਨਾਮਾ ਸਤਿਗੁਰੂ ਰਾਮ ਸਿੰਘ ਜੀ' ਦੀ ਭੂਮਿਕਾ 'ਚ ਲਿਖੇ ਇਨ੍ਹਾਂ ਸ਼ਬਦਾਂ ਦੁਆਰਾ ਹੋ ਜਾਂਦੀ ਹੈ: "ਬਾਬਾ ਕਾਹਲਾ ਸਿੰਘ ਜੀ, ਨਾਮਧਾਰੀ ਕਵੀ ਨੰਗਲ ਪਿੰਡ, ਜ਼ਿਲ੍ਹਾ ਲੁਧਿਆਣਾ ਬਿਕ੍ਰਮੀ 1942 ਵਿੱਚ ਭੈਣੀ ਸਾਹਿਬ ਆਏ ਭਜਨ ਪੁਛ ਅੰਮ੍ਰਿਤ ਛਕ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਪਰਸੇ, ਬਿਕ੍ਰਮੀ 1946 ਵਿੱਚ ਦੋ ਨਾਮਧਾਰੀ ਟਰੈਕਟ ਲਿਖ ਪ੍ਰਕਾਸ਼ਿਤ ਕੀਤੇ, ਪੈਂਤੀਸ ਅਖਰੀ, ਜੰਗਨਾਮਾ ਅਤੇ ਉਸਤਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਤਾਂ ਜਪਤ ਹੋ ਗਿਆ। ਆਪ ਦੋ ਸਾਲ ਪਿੰਡ ਵਿੱਚ ਨਜ਼ਰਬੰਦ ਕਰ ਦਿੱਤੇ ਅੰਗਰੇਜ਼ ਸਰਕਾਰ ਨੇ।" ਨਾਮਧਾਰੀ ਸਾਹਿਤ ਦੇ ਉੱਘੇ ਖੋਜੀ ਸਵਰਨ ਸਿੰਘ ਸਨੇਹੀ ਨੇ ਆਪਣੇ ਖੋਜ ਪੱਤਰ - 'ਨਾਮਧਾਰੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ' "ਸਤਯੁਗ ਬਸੰਤ ਅੰਕ, ਫੱਗਣ-2042 (1986 ਈ.) ਵਿੱਚ ਕਵੀ ਕਾਲਾ ਸਿੰਘ ਨੰਗਲ ਅਤੇ ਬਿਸ਼ਨ ਸਿੰਘ ਹਿਸਟੋਰੀਅਨ ਦੇ ਦਾਅਵੇ ਦਾ ਸਮਰਥਨ ਕੀਤਾ ਹੈ।" 'ਜ਼ਬਤਸ਼ੁਦਾ ਪੰਜਾਬੀ ਕਵਿਤਾ: ਇੱਕ ਆਲੋਚਨਾਤਮਕ ਅਧਿਐਨ' ਪੁਸਤਕ ਦੇ ਲੇਖਕ ਡਾ. ਪ੍ਰੀਤਮ ਸਿੰਘ ਕੈਂਥੋ ਨੇ ਅੰਗਰੇਜ਼ ਸਰਕਾਰ ਦੁਆਰਾ ਜ਼ਬਤ ਪੁਸਤਕਾਂ ਵਿੱਚ ਨਾਮਧਾਰੀ ਕਵੀ ਸੰਤ ਹਰਨਾਮ ਸਿੰਘ ਪਿੰਡ ਬਗਲੀ, ਜ਼ਿਲ੍ਹਾ ਲੁਧਿਆਣਾ ਦੀ 1936 'ਚ ਛਪੀ ਪੁਸਤਕ - 'ਸੰਤ ਖਾਲਸਾ ਅਰਥਾਤ ਤਵਾਰੀਖ਼ ਨਾਮਧਾਰੀ' ਦਾ ਤਾਂ ਕੀਤਾ ਹੈ, ਪਰ ਕਵੀ ਕਾਲਾ ਸਿੰਘ ਨੰਗਲ ਕਲਾਂ ਦੀ 'ਉਸਤਤਨਾਮਾ ਸਤਿਗੁਰੂ ਰਾਮ ਸਿੰਘ' ਦਾ ਜ਼ਿਕਰ ਨਹੀਂ ਕੀਤਾ, ਜੋ 1890 ਈ. 'ਚ ਛਪੀ ਸੀ। ਅੰਗਰੇਜ਼ ਅਧਿਕਾਰੀਆਂ ਦੁਆਰਾ Registration of Books Act, 1867 ਈ. 'ਚ ਪਾਸ ਕੀਤਾ ਗਿਆ ਸੀ। ਬਾਬਾ ਚੰਦਾ ਸਿੰਘ ਝੱਬਰ ਤੇ ਕੁਝ ਹੋਰ ਲੇਖਕਾਂ ਦੀਆਂ ਬਾਗ਼ੀਆਨਾ ਰੁਚੀਆਂ

ਵਾਲੀਆਂ ਰਚਨਾਵਾਂ ਦਾ ਅੰਗਰੇਜ਼ ਅਧਿਕਾਰੀਆਂ ਨੇ ਗੰਭੀਰ ਨੋਟਿਸ ਤਾਂ ਲਿਆ ਸੀ, ਪਰ ਕਿਸੇ ਰਚਨਾ ਨੂੰ ਜ਼ਬਤ ਕਰਨ ਦੀ ਟੋਹ ਨਹੀਂ ਮਿਲਦੀ। ਵੀਹਵੀਂ ਸਦੀ ਦੇ ਆਰੰਭ ਵਿੱਚ ਅੰਗਰੇਜ਼ ਅਧਿਕਾਰੀਆਂ ਵੱਲੋਂ ਭਾਰਤੀ ਲੋਕਾਂ ਦੀਆਂ ਬਗ਼ਾਵਤਾਂ ਨੂੰ ਕੁਚਲਣ ਖਾਤਰ ਪ੍ਰੈੱਸ ਅਤੇ ਪੁਸਤਕਾਂ ਉੱਪਰ ਪਾਬੰਦੀ ਲਾਉਣ ਲਈ Newspaper Incitement and offences Act (1908 ਈ.) ਅਤੇ indian Press Act (1910) ਪਾਸ ਕੀਤੇ ਗਏ ਸਨ। ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਸਥਾਨਕ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਕਾਲਾ ਸਿੰਘ ਨੰਗਲ ਦੀਆਂ ਲਿਖਤਾਂ ਬਾਰੇ ਖ਼ੁਫ਼ੀਆ ਵਿਭਾਗ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਉਸ ਨੂੰ ਜੂਹਬੰਦ ਜਾਂ ਘਰ 'ਚ ਨਜ਼ਰਬੰਦ ਕਰ ਦਿੱਤਾ ਗਿਆ ਹੋਵੇਗਾ, ਪਰ ਉਸ ਦੀ ਪੁਸਤਕ ਦੇ ਜ਼ਬਤ ਹੋਣ ਦੀ ਸੂਚਨਾ ਪ੍ਰਮਾਣਿਕ ਨਹੀਂ ਲੱਗਦੀ।

ਸੰਤ ਕਾਲਾ ਸਿੰਘ ਨੰਗਲ ਮਿਸ਼ਨਰੀ ਲੇਖਕ ਸੀ। ਉਸ ਦੀ ਕਾਵਿਕਾਰੀ ਦਾ ਮਨੋਰਥ ਨਾਮਧਾਰੀ ਇਤਿਹਾਸ ਨੂੰ ਕਾਨੀਬੰਦ ਕਰਦਿਆਂ ਬਰਤਾਨਵੀ ਸਾਮਰਾਜ ਦੀਆਂ ਦਮਨਕਾਰੀ ਤੇ ਲੋਕ-ਵਿਰੋਧੀ ਨੀਤੀਆਂ ਖ਼ਿਲਾਫ਼ ਆਮ ਆਵਾਮ ਨੂੰ ਚੇਤੰਨ ਕਰਨਾ ਸੀ। 'ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼' ਉਸ ਦੀ ਇਤਿਹਾਸਕ ਮਹੱਤਵ ਵਾਲੀ ਵੱਡ-ਆਕਾਰੀ ਕਾਵਿ-ਪੁਸਤਕ ਹੈ। ਇਸ ਰਚਨਾ ਵਿੱਚ ਨਾਮਧਾਰੀ ਲਹਿਰ ਦੇ ਜਨਮ ਤੋਂ ਲੈ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਗੁਰਤਾ ਗੱਦੀ ਦੇ ਮੁਢਲੇ ਵਰ੍ਹਿਆਂ (1914 ਈ.) ਤੱਕ ਦੇ ਸਮਾਚਾਰ ਗੁਰਬਿਲਾਸ ਸ਼ੈਲੀ ਵਿੱਚ ਬਿਆਨ ਕੀਤੇ ਗਏ ਹਨ। ਕਵੀ ਨਾਮਧਾਰੀ ਲਹਿਰ ਨੂੰ ਨਾਨਕ-ਗੋਬਿੰਦ ਧਾਰਾ ਦੀ ਸਿੱਖ ਪਰੰਪਰਾ ਦੇ ਅਗਲੇਰੇ ਵਿਕਾਸ ਪੜਾਅ ਵਜੋਂ ਪਰਵਾਨ ਕਰਦਾ ਹੈ, ਜੋ ਸਿੱਖ ਸਿਧਾਂਤਾਂ, ਸਿੱਖ ਜੀਵਨ-ਜਾਚ ਅਤੇ 'ਖ਼ਾਲਸਾ ਰਾਜ' ਦੀ ਮੁੜ ਬਹਾਲੀ ਲਈ ਸ਼ਕਤੀਸ਼ਾਲੀ ਬਰਤਾਨਵੀ ਸਾਮਰਾਜ ਨਾਲ ਸਿੱਧਾ ਮੱਥਾ ਲਾਉਂਦੀ ਹੈ। ਕਵੀ ਨੇ ਪੰਜਾਬ ਵਿੱਚ ਬਰਤਾਨਵੀ ਸ਼ਾਸਨ ਦੇ 1857 ਈ. ਤੋਂ 1914 ਈ. ਤੱਕ ਦੇ ਕਾਲ-ਖੰਡ ਦੀਆਂ ਅਹਿਮ ਇਤਿਹਾਸਕ ਘਟਨਾਵਾਂ ਪ੍ਰਤੀ ਕੂਕਿਆਂ ਦੇ ਹੁੰਗਾਰੇ, ਪ੍ਰਤਿਕਰਮਾਂ ਅਤੇ ਜੁਝਾਰੂ ਸੰਘਰਸ਼ ਨੂੰ ਬੇਬਾਕੀ ਨਾਲ ਬਿਆਨ ਕੀਤਾ ਹੈ। ਨਾਮਧਾਰੀ ਸੰਪਦਾਇ ਨਾਲ ਜੁੜਿਆ ਹੋਣ ਕਰਕੇ ਇਸ ਦੌਰ ਦੀਆਂ ਕਈ ਘਟਨਾਵਾਂ ਦਾ ਉਹ ਖ਼ੁਦ ਚਸ਼ਮਦੀਦ ਗਵਾਹ ਹੈ, ਉਸ ਦੀ ਜਾਣਕਾਰੀ ਦਾ ਸਰੋਤ ਕੁਝ ਉੱਘੇ ਨਾਮਧਾਰੀਆਂ ਤੋਂ ਪ੍ਰਾਪਤ ਸੂਚਨਾਵਾਂ ਹਨ, ਜੋ ਆਪ ਇਸ ਘਟਨਾ-ਕ੍ਰਮ ਵਿੱਚ ਪੇਸ਼-ਪੇਸ਼ ਰਹੇ ਸਨ। ਇਤਿਹਾਸਕ ਤੱਥਾਂ ਦੇ ਬਿਆਨ ਪੱਖੋਂ ਇਸ ਰਚਨਾ ਵਿੱਚ ਪੇਸ਼ ਵੇਰਵੇ ਕਾਫ਼ੀ ਹੱਦ ਤੱਕ ਪ੍ਰਮਾਣਿਕ ਹਨ, ਪਰ ਅਧਿਆਤਮਵਾਦੀ ਜੀਵਨ ਦ੍ਰਿਸ਼ਟੀ ਦਾ ਧਾਰਨੀ ਹੋਣ ਕਰਕੇ ਉਹ ਇਤਿਹਾਸਕ-ਸਮਾਜਿਕ ਵਰਤਾਰਿਆਂ ਨੂੰ ਇਤਿਹਾਸਕ ਵੇਗ ਅਤੇ ਸਮਾਜਿਕ ਦਵੰਦਾਂ ਦਾ ਸਿੱਟਾ ਨਹੀਂ ਮੰਨਦਾ। ਉਹ ਇਤਿਹਾਸ ਨੂੰ ਦੈਵੀ ਸੱਤਾ ਦੁਆਰਾ ਸੰਚਾਲਿਤ ਪੂਰਵ-ਨਿਸ਼ਚਿਤ ਵਰਤਾਰਾ ਜਾਂ 'ਭਾਣਾ' ਮੰਨਦਾ ਹੈ। ਇਤਿਹਾਸ-ਬੋਧ ਦੀ ਇਸ ਸੀਮਾ ਕਰਕੇ ਹੀ ਉਹ ਮਲੇਰਕੋਟਲੇ ਦੇ ਸਾਕੇ ਨੂੰ ਬਸਤੀਵਾਦੀ ਪ੍ਰਬੰਧ ਦੀ ਦਮਨਕਾਰੀ ਸੱਤਾ ਸਿਆਸਤ ਦਾ ਹਿੱਸਾ ਸਮਝਣ ਦੀ ਥਾਂ ਨਾਮਧਾਰੀ ਪੰਥ ਵਿੱਚ ਪ੍ਰਚੱਲਿਤ 'ਭਾਣੇ' ਦੀ ਮਿੱਥ ਜਾਂ ਦਸਵੇਂ ਗੁਰੂ ਵੱਲੋਂ ਕੀਤੀ ਭਵਿੱਖਬਾਣੀ (ਬਚਨ) ਦਾ ਰੱਬੀ ਹੁਕਮ ਸਵੀਕਾਰ ਕਰਦਾ ਹੈ।

ਸੰਤ ਕਾਲਾ ਸਿੰਘ ਦਾ ਬਾਰਾਂਮਾਹ ਮਾਤਰ 48 ਸਤਰਾਂ ਦੀ ਲਘੂ ਰਚਨਾ ਹੈ। ਇਸ ਵਿੱਚ ਉਹ ਨਾਮਧਾਰੀ ਲਹਿਰ ਦੇ ਜਨਮ, ਉਸ ਸਮੇਂ ਦੇ ਸਿੱਖ ਸਮਾਜ ਵਿੱਚ ਪ੍ਰਚੱਲਿਤ ਕੁਰੀਤੀਆਂ (ਦੇਵੀ ਦੇਵਤਿਆਂ, ਮੜ੍ਹੀ-ਮਸਾਣਾਂ, ਗੁੱਗਾ, ਭੈਰੋਂ ਦੀ ਪੂਜਾ, ਚੋਰ, ਯਾਰੀ, ਠੱਗੀ ਆਦਿ), ਨਾਮਧਾਰੀ ਮਰਿਆਦਾ (ਗੁਰਮਤਿ ਅਨੁਸਾਰੀ ਜੀਵਨ-ਜਾਚ), ਸਿੱਖ ਸਾਮੰਤਾਂ ਤੇ ਵੱਖ-ਵੱਖ ਧਰਮਾਂ ਦੇ ਪੁਜਾਰੀਆਂ ਵੱਲੋਂ ਨਾਮਧਾਰੀ ਪੰਥ ਦਾ ਅੰਨ੍ਹਾ ਵਿਰੋਧ, ਪੰਥ ਉੱਪਰ ਆਉਣ ਵਾਲੀਆਂ ਮੁਸ਼ਕਲਾਂ, ਅਤੇ ਮਲੇਰਕੋਟਲੇ ਦੇ ਬੁੱਚੜ-ਵਧ ਵਾਲੇ ਸਾਕੇ ਦਾ ਬਹੁਤ ਸੰਜਮੀ ਸ਼ੈਲੀ ਵਿੱਚ ਬਿਆਨ ਕਰਦੇ ਹਨ। ਨਾਮਧਾਰੀ ਪੰਥ ਲਈ ਇਹ ਸਮਾਂ ਦੂਹਰੇ ਇਤਿਹਾਸਕ ਸੰਕਟ ਦਾ ਸੀ। ਇੱਕ ਪਾਸੇ ਜਾਬਰ ਬਰਤਾਨਵੀ ਹਾਕਮ ਤੇ ਉਨ੍ਹਾਂ ਦੇ ਨੁਮਾਇੰਦੇ ਪ੍ਰਸ਼ਾਸਨਿਕ ਅਧਿਕਾਰੀ ਸਨ, ਜੋ ਕੂਕਿਆਂ ਦੀ ਦੇਸ਼-ਭਗਤੀ ਤੇ ਨਾਬਰੀ ਕਰਕੇ ਉਨ੍ਹਾਂ ਉੱਪਰ ਦਮਨ ਚੱਕਰ ਚਲਾ ਰਹੇ ਸਨ ਅਤੇ ਦੂਜੇ ਪਾਸੇ ਸਥਾਨਕ ਸਾਮੰਤ, ਰਿਆਸਤੀ ਰਾਜੇ, ਵੱਖ-ਵੱਖ ਧਰਮਾਂ ਦੇ ਪੁਜਾਰੀ ਅਤੇ ਖ਼ਾਸ ਕਰਕੇ ਸਿੱਖ ਧਰਮ ਵਿਚਲੇ ਮਹੰਤ/ਮਸੰਦ ਸਨ, ਜੋ ਕੂਕਿਆਂ ਦੀ ਨਿੰਦਿਆ ਕਰਦੇ ਸਨ ਅਤੇ ਬਰਤਾਨਵੀ ਸਰਕਾਰ ਦੇ ਹੱਕ 'ਚ ਭੁਗਤਦੇ ਸਨ। ਬਾਰਾਂਮਾਹ 'ਚੋਂ ਕੁਝ ਸਤਰਾਂ ਪੇਸ਼ ਹਨ:

ਬਾਹਮਣ, ਡੂਮ, ਫ਼ਕੀਰ, ਪੁਜਾਰੀ ਦੇਖ ਸਿੰਘਾਂ ਨੂੰ ਸੜਦੇ ਨੇ।  
ਆਖਣ ਗੰਗਾ ਫੂਲ ਨਾ ਪਾਵਣ ਮੇਹਣੇ ਦੇ ਦੇ ਲੜਦੇ ਨੇ।

ਜਿਵੇਂ ਅਸੀਂ ਪਿੱਛੇ ਜ਼ਿਕਰ ਕਰ ਚੁੱਕੇ ਹਾਂ, ਕਵੀ ਕਾਲਾ ਸਿੰਘ ਨੇ ਮਲੇਰਕੋਟਲੇ ਦੇ ਬੁੱਚੜਾਂ ਨਾਲ ਨਾਮਧਾਰੀ ਮਸਤਾਨਿਆਂ ਦੇ ਹਿੰਸਕ ਭੇੜ ਨੂੰ ਬਰਤਾਨਵੀ ਸ਼ਾਸਕਾਂ ਦੀ ਸੰਪ੍ਰਦਾਇਕ ਤਣਾਉ ਵਧਾ ਕੇ ਲੋਕ-ਸੰਘਰਸ਼ਾਂ ਨੂੰ ਵਿਫਲ ਕਰਨ ਦੀ ਨੀਤੀ ਦਾ ਸਿੱਟਾ ਸਮਝਣ ਦੀ ਥਾਂ ਇਸ ਨੂੰ ਅਕਾਲ ਪੁਰਖ ਦਾ ਭਾਣਾ ਕਿਹਾ ਹੈ:

(ੳ) ਕੱਤਕ ਕੌਤਕ ਗੁਰਾਂ ਨੇ ਦੱਸਿਆ

ਸੰਗਤ ਤਾਈਂ ਸੁਣਾਇਆ ਹੈ।
ਸੰਤ ਪੰਥ 'ਤੇ ਵਰਤੇ ਭਾਣਾ,
ਹੁਕਮ ਅਕਾਲੋਂ ਆਇਆ ਹੈ।
ਲੱਗਣ ਅੱਸੀ ਸੀਸ ਸਿੰਘਾਂ ਦੇ
ਦਸਮੇਂ ਗੁਰ ਫਰਮਾਇਆ ਹੈ।
ਕਾਲਾ ਸਿੰਘ ਗੁਰ ਪੂਰੇ ਨੇ
ਓਹੀ ਸਾਂਗ ਬਣਾਇਆ ਹੈ।

(ਅ) ਮਾਘ ਮਹੀਨੇ ਸੋਧ ਅਰਦਾਸਾ
ਸਿੰਘ ਹਮਲਾ ਕਰ ਧਾਏ ਨੇ।
ਵਿੱਚ ਕੋਟਲੇ ਬੁੱਚੜ ਮਾਰੇ
ਦੇਖ ਮਲੇਛ ਘਬਰਾਏ ਨੇ।
ਸ਼ੇਰਪੁਰ ਦੇ ਠਾਣਿਓਂ ਹੋ ਕੇ
ਸਿੰਘ ਕੋਟਲੇ ਧਾਏ ਨੇ।
ਨਾਭਾ, ਜੀਂਦ, ਪਟਿਆਲਾ ਫੌਜਾਂ
ਸਿੱਖ ਤੋਪਾਂ ਨਾਲ ਉਡਾਏ ਨੇ।

(ਰਾਮ ਵਿਯੋਗੀਆਂ ਦੇ ਬਾਰਾਮਾਹ,
ਸੰਪਾ: ਤਾਰਾ ਸਿੰਘ ਅਣਜਾਣ)

ਮਲੇਰਕੋਟਲੇ ਦੇ ਸਾਕੇ ਦਾ ਵਧੇਰੇ ਭਾਵਪੂਰਤ, ਤੱਥ-ਆਧਾਰਿਤ ਅਤੇ ਪ੍ਰਮਾਣਿਕ ਬਿਆਨ ਕਾਲਾ ਸਿੰਘ ਨੰਗਲ ਕਲਾਂ ਦੀ ਰਚਨਾ 'ਪੈਂਤੀ ਅਖਰੀ' ਵਿੱਚ ਹੈ, ਜਿਸ ਦੀ ਰਚਨਾ ਕਵੀ ਨੇ 1889 ਈ. 'ਚ ਕੀਤੀ ਸੀ। 'ਪੈਂਤੀ ਅਖਰੀ' ਵਿੱਚ ਕਵੀ ਸਿੱਖ ਗੁਰੂ ਸਾਹਿਬਾਨ ਨੂੰ ਅਕੀਦਤ ਭੇਟ ਕਰਕੇ ਸੰਤ ਖ਼ਾਲਸੇ (ਕੂਕਾ ਪੰਥ) ਨੂੰ ਪੰਥ ਖ਼ਾਲਸਾ ਦਾ ਹੀ ਉੱਤਰ-ਅਧਿਕਾਰੀ ਕਹਿੰਦਾ ਹੈ। ਕਵੀ ਭੈਣੀ ਸਾਹਿਬ ਵਿੱਚ 'ਸੰਤ ਖਾਲਸਾ' ਦੀ ਸਥਾਪਨਾ ਵੇਲੇ ਦੇ ਪੰਜਾਬ ਵਿਚਲੇ ਸੰਪ੍ਰਦਾਇਕ ਤਣਾਉ ਦਾ ਬਿਆਨ ਕਰਦਾ ਹੈ, ਜੋ ਅੰਗਰੇਜ਼ ਹਾਕਮਾਂ ਦੀ 'ਪਾੜੋ ਤੇ ਰਾਜ ਕਰੋ' ਦੀ ਕੂਟਨੀਤੀ ਦਾ ਸਿੱਟਾ ਸੀ। ਪੰਜਾਬ ਵਿੱਚ ਰਣਜੀਤ ਸਿੰਘ ਦੇ ਸ਼ਾਸਨ ਕਾਲ ਦੇ ਸਮੇਂ ਤੋਂ ਹੀ ਗਊ-ਹੱਤਿਆ ਬੰਦ ਸੀ। ਅੰਗਰੇਜ਼ ਅਧਿਕਾਰੀਆਂ ਨੇ ਆਪਣਾ ਧਰਮ-ਨਿਰਪੇਖ ਤੇ ਉਦਾਰਵਾਦੀ ਰਾਜ ਹੋਣ ਦਾ ਪ੍ਰਭਾਵ ਦੇਣ ਲਈ ਭਾਰਤੀਆਂ ਦੇ ਧਾਰਮਿਕ ਮਸਲਿਆਂ ਵਿੱਚ ਦਖ਼ਲ ਨਾ ਦੇਣ, ਸਭ ਧਰਮਾਂ ਦੇ ਅਕੀਦਿਆਂ ਤੇ ਧਰਮ-ਸਥਾਨਾਂ ਦਾ ਸਤਿਕਾਰ ਕਰਨ ਦੇ ਕਾਨੂੰਨ ਪਾਸ ਕੀਤੇ। ਹੈਨਰੀ ਲਾਰੰਸ ਨੇ 24 ਮਾਰਚ, 1847 ਨੂੰ ਗਵਰਨਰ ਜਨਰਲ ਦੇ ਇਸ ਹੁਕਮ ਨੂੰ ਦਰਬਾਰ ਸਾਹਿਬ ਦੀ ਡਿਉਢੀ ਦੇ ਬਾਹਰ ਤਾਂਬੇ ਦੇ ਪੱਤਰੇ ਉੱਤੇ ਉਕਰਾਇਆ ਕਿ 'ਕੋਈ ਵੀ ਸ੍ਰੀ ਦਰਬਾਰ ਸਾਹਿਬ ਜਾਂ ਹੋਰ ਗੁਰਦਵਾਰਿਆਂ ਵਿੱਚ ਜੁੱਤੀ ਸਮੇਤ ਨਹੀਂ ਜਾਵੇਗਾ ਅਤੇ ਅੰਮ੍ਰਿਤਸਰ ਵਿੱਚ ਗਊ-ਹੱਤਿਆ ਨਹੀਂ ਹੋਵੇਗੀ।' ਪਰ 29 ਮਾਰਚ, 1849 ਨੂੰ ਪੰਜਾਬ ਨੂੰ ਅੰਗਰੇਜ਼ੀ ਰਾਜ (ਕੰਪਨੀ ਰਾਜ) ਵਿੱਚ ਸ਼ਾਮਿਲ ਕਰ ਲੈਣ ਨਾਲ ਸਥਿਤੀ ਮੂਲੋਂ ਹੀ ਬਦਲ ਗਈ। ਬਰਤਾਨਵੀ ਅਧਿਕਾਰੀਆਂ ਨੇ 5 ਮਈ, 1849 ਨੂੰ ਪੰਜਾਬ ਵਿੱਚ ਗਊ-ਹੱਤਿਆ ਦੀ ਖੁੱਲ੍ਹ ਦੇ ਦਿੱਤੀ ਅਤੇ 20 ਮਈ, 1849 ਨੂੰ ਗਵਰਨਰ ਜਨਰਲ ਨੇ ਇਹ ਹੁਕਮ ਜਾਰੀ ਕੀਤਾ ਕਿ 'ਕਿਸੇ ਨੂੰ ਵੀ ਆਪਣੇ ਗੁਆਂਢੀ ਦੀ ਧਾਰਮਿਕ ਮਰਿਆਦਾ ਅਤੇ ਪ੍ਰਚੱਲਿਤ ਰਹੁ-ਰੀਤ ਵਿੱਚ ਦਖ਼ਲ ਦੇਣ ਦੀ ਆਗਿਆ ਨਹੀਂ ਹੋਣੀ ਚਾਹੀਦੀ।' ਵੱਡੇ ਸ਼ਹਿਰਾਂ ਵਿੱਚ ਗਊ ਮਾਸ ਦੀ ਵਿਕਰੀ ਦੀ ਇਜਾਜ਼ਤ ਤਾਂ ਦੇ ਦਿੱਤੀ, ਪਰ ਇਸ ਸ਼ਰਤ 'ਤੇ ਕਿ ਹਿੰਦੂ-ਸਿੱਖਾਂ ਦੇ ਪੂਜਾ ਸਥਾਨਾਂ ਤੇ ਰਿਹਾਇਸ਼ਾਂ ਨੇੜੇ ਗਊ ਮਾਸ ਨਹੀਂ ਵਿਕੇਗਾ। Dr. Fauja Singh, Kuka Movement, P.66 ਇਨ੍ਹਾਂ ਫ਼ੈਸਲਿਆਂ ਨਾਲ ਪੰਜਾਬ ਵਿੱਚ ਫ਼ਿਰਕੂ ਤਣਾਉ ਵਧਿਆ। ਅੰਮ੍ਰਿਤਸਰ ਸ਼ਹਿਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਨੇੜੇ ਬੁੱਚੜਖ਼ਾਨਾ ਖੁੱਲ੍ਹਣ ਕਰਕੇ ਕੂਕੇ ਸਿੰਘ ਭੜਕ ਉੱਠੇ। ਪੰਜਾਬ ਦੀ ਹਿੰਦੂ ਵੱਸੋਂ ਇਸ ਫ਼ੈਸਲੇ ਤੋਂ ਦੁਖੀ ਤਾਂ ਸੀ, ਪਰ ਉਸ ਨੇ ਕੂਕਿਆਂ ਵਾਂਗ ਖੁੱਲ੍ਹ ਕੇ ਵਿਰੋਧ ਨਹੀਂ ਜਤਾਇਆ।

'ਪੈਂਤੀ ਅਖਰੀ' ਦੇ ਬਿਰਤਾਂਤ 'ਚੋਂ ਪ੍ਰਾਪਤ ਵੇਰਵਿਆਂ ਅਨੁਸਾਰ ਕੂਕੇ ਸਿੱਖਾਂ ਵਿੱਚੋਂ ਮਸਤਾਨੇ ਸਿੰਘਾਂ ਦਾ ਦਲ ਲਹਿਣਾ ਸਿੰਘ ਤੇ ਹੀਰਾ ਸਿੰਘ ਦੀ ਅਗਵਾਈ ਵਿੱਚ ਸਤਿਗੁਰੂ ਰਾਮ ਸਿੰਘ ਅੱਗੇ ਮਲੇਰਕੋਟਲੇ ਦੇ ਬੁੱਚੜਾਂ ਨੂੰ ਸੋਧਣ ਦੀ ਅਰਜ਼ ਕਰਦੇ ਹਨ। ਗੁਰੂ ਸਾਹਿਬ ਕੂਕਿਆਂ ਨੂੰ ਹਿੰਸਕ ਰਾਹ ਅਪਣਾਉਣ ਤੋਂ ਸਖ਼ਤੀ ਨਾਲ ਵਰਜਦੇ ਹਨ। ਪਰ 140 ਦੀਵਾਨਿਆਂ ਦਾ ਦਲ ਹੁਕਮ ਅਦੂਲੀ ਕਰਕੇ ਰੱਬੋਂ (ਲੁਧਿਆਣੇ ਜ਼ਿਲ੍ਹੇ ਦਾ ਪਿੰਡ) ਹੁੰਦਾ ਹੋਇਆ, ਮਲੌਦ ਦੇ ਜਾਗੀਰਦਾਰ ਬਦਨ ਸਿੰਘ ਨਾਲ ਜਾ ਭਿੜਦਾ ਹੈ। ਸਿੱਖ ਸਰਦਾਰ ਹੋਣ ਕਰਕੇ ਕੂਕੇ ਉਸ ਕੋਲ ਮਦਦ ਦੀ ਉਮੀਦ ਨਾਲ ਗਏ ਸਨ, ਪਰ ਅੰਗਰੇਜ਼ ਅਧਿਕਾਰੀਆਂ ਦੇ ਡਰ ਕਰਕੇ ਉਹ ਨਾਮਧਾਰੀਆਂ ਦੀ ਸਹਾਇਤਾ ਕਰਨ ਦੇ ਆਪਣੇ ਪਹਿਲੇ ਕੌਲ ਤੋਂ ਮੁੱਕਰ ਗਿਆ। ਕੂਕਿਆਂ ਦਾ ਬਦਨ ਸਿੰਘ ਨਾਲ ਤਕਰਾਰ ਹੋਇਆ। ਸਰਦਾਰ ਦਾ ਇੱਕ ਮੁਸਲਮਾਨ ਹਮਾਇਤੀ ਤੇ ਇੱਕ ਸਿੱਖ ਝਗੜੇ 'ਚ ਮਾਰੇ ਗਏ। ਕੂਕੇ ਸਰਦਾਰ ਦੇ ਦੋ ਘੋੜੇ ਤੇ ਇੱਕ ਤਲਵਾਰ ਲੈ ਕੇ ਮਲੇਰਕੋਟਲੇ ਵੱਲ ਪੱਤਰੇ ਵਾਚ ਗਏ। ('ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼' ਵਿੱਚ ਇੱਕ ਘੋੜਾ ਤੇ ਚਾਰ ਤਲਵਾਰਾਂ ਦਾ ਜ਼ਿਕਰ ਹੈ।) 'ਪੈਂਤੀ ਅਖਰੀ' ਵਿੱਚ ਗਊ ਰੱਖਿਆ ਲਈ ਕੂਕਿਆਂ ਦੇ ਬੁੱਚੜਾਂ ਨਾਲ ਆਰ-ਪਾਰ ਦੇ ਸੰਘਰਸ਼ ਤੇ ਪੰਜਾਬ ਦੇ ਹਿੰਦੂਆਂ ਦੀ

ਉਦਾਸੀਨਤਾ ਦਾ ਪ੍ਰਮਾਣ ਇਹ ਸਤਰਾਂ ਹਨ:

(ੳ) ਹਾਹਾ ਹੱਦ ਮਲੇਸ਼ ਨੇ ਤੋੜ ਦਿੱਤੀ,
ਸੰਤ ਖ਼ਾਲਸੇ ਨੂੰ ਵੱਡੀ ਰੋਸ ਹੋਈ।
ਲਹਿਣਾ ਸਿੰਘ ਹੀਰ ਸਿੰਘ ਸੂਰਮੇ ਜੋ,
ਵੱਡੀ ਧਰਮ ਦੀ ਜਿਨ੍ਹਾਂ ਨੂੰ ਹੋਸ਼ ਹੋਈ।
ਛੁਰੀ ਗਊ ਉੱਤੇ ਵਗੇ ਖਾਲਸਾ ਜੀ,
ਹਿੰਦੂ ਕਰੇ ਨਾਹੀ ਅਫ਼ਸੋਸ ਕੋਈ।
ਭੰਨੋ ਠੀਕਰਾ ਤੁਰਕ ਦੇ ਬਾਰ ਜਾ ਕੇ,
ਸਾਨੂੰ ਮਰਦਿਆਂ ਨੂੰ ਨਾਹੀਂ ਦੋਸ਼ ਕੋਈ।

(ਅ) ਖੱਖਾ ਖ਼ਾਲਸੇ ਬੈਠ ਸਲਾਹ ਕੀਤੀ,
ਲਿਖਣ ਚਿੱਠੀਆਂ ਨਾਲ ਵਧਾਈਆਂ ਦੇ।
ਅਸੀਂ ਧਰਮ ਉੱਤੇ ਤੇਗ਼ ਚੁੱਕਣੀ ਹੈ,
ਧਰਮ ਰੱਖਦੇ ਨੇ ਪੁੱੜ ਮਾਈਆਂ ਦੇ।
ਹਿੰਦੂ ਕੋਈ ਨਾ ਏਸ ਵਿੱਚ ਦਖਲ ਦੇਵੇ,
ਅਸੀਂ ਕੱਟਣੇ ਮੂੰਡ ਕਸਾਈਆਂ ਦੇ।
ਜਹਾਂ ਸਿੰਘ ਸਰਦਾਰ ਜਗੀਰ ਵਾਲੇ,
ਤਹਾਂ ਚਿੱਠੀਆਂ ਲਿਖ ਪੁਚਾਈਆਂ ਦੇ॥

ਪੰਜਾਬ ਵਿਚਲੇ ਫ਼ਿਰਕੂ ਤਣਾਉ ਅਤੇ ਬਸਤੀਵਾਦੀ ਹਕੂਮਤ ਦੇ ਡਰ ਤੇ ਦਬਾਉ ਕਰਕੇ ਕੂਕਿਆਂ ਤੇ ਬੁੱਚੜਾਂ ਦੇ ਟਕਰਾਉ ਸਮੇਂ ਆਮ ਹਿੰਦੂ ਉਦਾਸੀਨ ਹੀ ਨਹੀਂ ਰਿਹਾ, ਸਗੋਂ ਉਹ ਸਰਕਾਰ ਤੇ ਮੁਸਲਮਾਨ ਬੁੱਚੜਾਂ ਦੀ ਮਦਦ ਕਰਨ ਲੱਗੇ। ਮਲੇਰਕੋਟਲੇ ਦੇ ਸਾਕੇ ਸਮੇਂ ਪੰਜਾਬ ਦੀਆਂ ਰਿਆਸਤਾਂ ਦੇ ਰਾਜਿਆਂ ਨੇ ਅੰਗਰੇਜ਼ ਅਧਿਕਾਰੀਆਂ ਦਾ ਸਾਥ ਦਿੱਤਾ। ਕਵੀ ਕਾਲਾ ਸਿੰਘ ਲਿਖਦਾ ਹੈ:

(ੳ) ਨੱਨਾ ਨਾਸ ਮਲੇਸ਼ ਦਾ ਬਹੁਤ ਕੀਤਾ,
ਬਚੇ ਇੱਕ ਮੂਹਰੇ ਬੀਸ ਨੱਠ ਕੇ ਜੀ।
ਮੱਦਤ ਕਰੀ ਮਲੇਸ਼ ਦੀ ਹਿੰਦੂਆਂ ਨੇ,
ਸਿੰਘ ਬੀਜ ਦਿੰਦੇ ਨਹੀਂ ਪੱਟ ਕੇ ਜੀ।

(ਅ) ਮੱਮਾ ਮੱਤ ਮਾਰੀ ਗਈ ਹਿੰਦੂਆਂ ਦੀ,
ਨਾਲ ਖਾਲਸੇ ਜ਼ੁਲਮ ਕਮਾਉਣ ਲੱਗੇ।
ਹੋਇ ਹਿੰਦੂਓਂ ਤੁਰਤ ਮਲੇਸ਼ ਸੋਈ,
ਧੋਖਾ ਖਾਲਸੇ ਨਾਲ ਕਮਾਉਣ ਲੱਗੇ।

(ੲ) ਯਯਾ ਯਾਣ ਕਾਣੇ ਮੁਸਲਮਾਨ ਹਿੰਦੂ,
ਅੰਨ੍ਹੇ ਆਪਣਾ ਆਪ ਗਮਾਉਣ ਲੱਗੇ।
ਸਿੰਘਾਂ ਗਊ ਦੇ ਵਾਸਤੇ ਉਜਰ ਕੀਤਾ,
ਬੈਰੀ ਹਿੰਦੂਆਂ ਨੂੰ ਨਜ਼ਰ ਆਉਣ ਲੱਗੇ।
ਕੀਤੀ ਅਕਲ ਦੀ ਗੱਲ ਨਾ ਗੋਰਿਆਂ ਨੇ,
ਨਾਲ ਜੋਰ ਦੇ ਜ਼ੁਲਮ ਕਮਾਉਣ ਲੱਗੇ।
ਨਾਭੇ ਸ਼ਹਿਰ ਪਟਿਆਲੇ ਦੀ ਫ਼ੌਜ ਤਾਈਂ,
ਨਾਮਧਾਰੀਏ ਸਿੰਘ ਸੁਣਾਉਣ ਲੱਗੇ।

ਕਾਲਾ ਸਿੰਘ ਦੀ 'ਪੈਂਤੀ ਅਖਰੀ' ਵਿੱਚ ਮਲੇਰਕੋਟਲੇ 'ਚ ਕੂਕਿਆਂ ਤੇ ਤੁਰਕ/ਪਠਾਣਾਂ ਦੇ ਹਿੰਸਕ ਭੇੜ, ਸ਼ੇਰਪੁਰ ਦੇ ਥਾਣੇ 'ਚ ਕੂਕਿਆਂ ਦੀ ਧੋਖੇ ਨਾਲ ਗ੍ਰਿਫ਼ਤਾਰੀ ਅਤੇ ਜਮਾਲਪੁਰ ਪਿੰਡ (ਨੇੜੇ ਮਲੇਰਕੋਟਲਾ) 'ਚ ਤੋਪਾਂ ਨਾਲ ਕੂਕਿਆਂ ਨੂੰ ਸ਼ਹੀਦ ਕਰਨ ਦੇ ਪ੍ਰਸੰਗ ਸੂਤਰਿਕ ਸ਼ੈਲੀ ਵਿੱਚ ਪੇਸ਼ ਹੋਏ ਹਨ। ਕਵੀ ਅਨੁਸਾਰ ਮਲੇਰਕੋਟਲੇ (ਮਲੌਦ ਦੇ ਸਰਦਾਰ ਬਦਨ ਸਿੰਘ ਨਾਲ ਟਕਰਾਉ ਸਮੇਤ) ਦੇ ਸਾਕੇ ਸਮੇਂ ਅੱਸੀ ਕੂਕੇ ਸਿੰਘ ਸ਼ਹੀਦ ਹੋਏ ਸਨ। ਇਨ੍ਹਾਂ ਵਿੱਚ 17 ਤੇ 18 ਜਨਵਰੀ 1872 ਨੂੰ ਤੋਪਾਂ ਨਾਲ ਉਡਾਏ 65 ਕੂਕੇ, ਤਲਵਾਰ ਨਾਲ ਸ਼ਹੀਦ ਕੀਤੇ ਬਾਲਕ ਬਿਸ਼ਨ ਸਿੰਘ (ਪਿੰਡ ਰੜ੍ਹ), ਮਲੌਦ 'ਚ ਸਰਦਾਰ ਬਦਨ ਸਿੰਘ ਨਾਲ ਝੇੜੇ 'ਚ ਦੋ ਸ਼ਹੀਦ ਤੇ 8 ਜ਼ਖ਼ਮੀ ਜੋ ਬਾਅਦ ਵਿੱਚ ਕਾਲਵੱਸ ਹੋ ਗਏ ਅਤੇ ਕਾਲੇਪਾਣੀ ਦੀ ਸਜ਼ਾ ਯਾਫ਼ਤਾ ਚਾਰ ਕੂਕੇ, ਜੋ ਉੱਥੇ ਹੀ ਆਪਣੇ ਪ੍ਰਾਣ ਪੰਖੇਰੂ ਤਿਆਗ ਗਏ, ਆਦਿ ਨਾਮਧਾਰੀ ਸ਼ਾਮਿਲ ਸਨ। ਕਵੀ ਕਾਲਾ ਸਿੰਘ ਮਲੇਰਕੋਟਲੇ ਦੇ ਸਾਕੇ ਦੇ ਆਪਣੇ ਬਿਰਤਾਂਤ ਦਾ ਆਧਾਰ ਮਾਈ ਇੰਦ ਕੌਰ ਦੁਆਰਾ ਦਿੱਤੀ ਜਾਣਕਾਰੀ ਨੂੰ ਮੰਨਦਾ ਹੈ, ਜੋ ਖ਼ੁਦ ਇਸ ਸਾਕੇ ਵਿੱਚ ਸ਼ਾਮਿਲ ਸੀ। ਕਵੀ ਕਾਲਾ ਸਿੰਘ ਦਾ ਪੁੱਤਰ ਬਿਸ਼ਨ ਸਿੰਘ ਹਿਸਟੋਰੀਅਨ ਆਪਣੇ ਪਿਤਾ ਦੇ ਇਸ ਇਕਬਾਲੀਆ ਕਥਨ ਨੂੰ ਪ੍ਰਮਾਣ ਵਜੋਂ ਪੇਸ਼ ਕਰਦਾ ਹੈ:

– ਕੱਲਰ ਕੋਟਲੇ ਵਿੱਚ ਗੁਰੂ ਰਾਮ ਸਿੰਘ ਜੀ,
ਸ਼ਹੀਦ ਸਿੰਘਾਂ ਨੂੰ ਦਿੱਤਾ ਦੀਦਾਰ ਹੈ ਜੀ।
ਮਾਈ ਇੰਦ ਕੌਰ ਦੱਸਿਆ ਦਾਸ ਤਾਈਂ,
ਤਾਂ ਹੀ ਲਿਖਿਆ ਕਲਮ ਪਸਾਰ ਹੈ ਜੀ।
(ਸਾਕਾ ਮਲੇਰਕੋਟਲਾ, ਨਿਰੰਜਨ ਸਿੰਘ 'ਮ੍ਰਿਗੇਸ਼',
ਸੰਪਾ: ਸਵਰਨ ਸਿੰਘ ਸਨੇਹੀ, ਪੰਨਾ 23)

ਜਿੱਥੋਂ ਤੱਕ 'ਪੈਂਤੀ ਅਖਰੀ' ਵਿੱਚ ਪੇਸ਼ ਇਤਿਹਾਸਕ ਵੇਰਵਿਆਂ ਤੇ ਤੱਥਾਂ ਦਾ ਸੰਬੰਧ ਹੈ, ਉਹ ਨਾਮਧਾਰੀ ਪੰਥ ਵਿੱਚ ਪ੍ਰਚੱਲਿਤ ਮਾਨਤਾਵਾਂ ਅਤੇ ਮੌਖਿਕ ਇਤਿਹਾਸ ਉੱਤੇ ਆਧਾਰਿਤ ਹਨ। ਮਲੇਰਕੋਟਲੇ ਦੇ ਸਾਕੇ ਦੇ ਵਾਪਰਨ ਤੋਂ ਤੁਰੰਤ ਬਾਅਦ (ਵੀਹ ਕੁ ਸਾਲਾਂ ਤੋਂ ਵੀ ਘੱਟ ਸਮੇਂ 'ਚ) ਲਿਖੀ

ਗਈ ਹੋਣ ਕਰਕੇ ਇਸ ਰਚਨਾ ਵਿਚਲੇ ਇਤਿਹਾਸਕ ਵੇਰਵਿਆਂ ਤੇ ਤੱਥਾਂ ਬਾਰੇ ਬਹੁਤੇ ਸੰਦੇਹ ਦੀ ਗੁੰਜਾਇਸ਼ ਨਹੀਂ। ਅਸਲ ਮਸਲਾ ਕਵੀ ਦੀ ਇਤਿਹਾਸਕ-ਸਮਾਜਿਕ ਵਰਤਾਰਿਆਂ ਬਾਰੇ ਪਹੁੰਚ ਜਾਂ ਦ੍ਰਿਸ਼ਟੀ ਦਾ ਹੈ। ਇਹ ਦੁਖਾਂਤਕ ਸਾਕਾ ਕੀ ਬਰਤਾਨਵੀ ਬਸਤੀਵਾਦੀ ਹਕੂਮਤ ਦੀ ਸਾਜ਼ਿਸ਼ੀ ਨੀਤੀ ਕਰਕੇ ਵਾਪਰਿਆ, ਜੋ ਲੋਕ ਸੰਘਰਸ਼ਾਂ ਨੂੰ ਖੁੰਢਾ ਕਰਨ ਲਈ ਮੁਆਸ਼ਰੇ ਵਿੱਚ ਸੰਪ੍ਰਦਾਇਕ ਤਣਾਉ ਪੈਦਾ ਕਰਦੀ ਸੀ, ਜਾਂ ਅਕਾਲ ਪੁਰਖ ਦੇ ਭਾਣੇ ਵਜੋਂ? ਕਵੀ ਅਤੇ ਉਸ ਦਾ ਨਾਮਧਾਰੀ ਭਾਈਚਾਰਾ ਉਸ ਸਮੇਂ ਇਸ ਮਸਲੇ ਬਾਰੇ ਪੂਰੀ ਤਰ੍ਹਾਂ ਸੁਚੇਤ ਨਹੀਂ ਸੀ। 'ਪੈਂਤੀ ਅਖਰੀ', 'ਬਾਰਾਂਮਾਹ' ਅਤੇ 'ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼' ਵਿੱਚ ਕਵੀ ਕਾਲਾ ਸਿੰਘ ਲਿਖਦਾ ਹੈ ਕਿ ਸਤਿਗੁਰੂ ਰਾਮ ਸਿੰਘ ਕੂਕਿਆਂ ਨੂੰ ਹਿੰਸਕ ਟਕਰਾਉ ਤੋਂ ਵਰਜਦੇ ਹਨ, ਪਰ ਖ਼ੁਦ ਫ਼ਿਰਕਾਪ੍ਰਸਤੀ ਦੀ ਲਾਗ ਦਾ ਸ਼ਿਕਾਰ ਹੋਏ ਕੂਕੇ ਰੁਕੇ ਨਹੀਂ। ਸੰਪ੍ਰਦਾਇਕਤਾ ਦੀ ਮਾਰੂ ਭਾਵਨਾ ਦੀ ਜ਼ਹਿਰ ਨਾਮਧਾਰੀ ਲੇਖਕਾਂ ਦੀ ਮੁਸਲਮਾਨਾਂ ਪ੍ਰਤੀ ਵਰਤੀ ਭਾਸ਼ਾ 'ਚੋਂ ਵੀ ਝਲਕਦੀ ਹੈ। ਖ਼ੁਦ ਕਵੀ ਕਾਲਾ ਸਿੰਘ ਨੇ ਵੀ ਇਸਲਾਮ 'ਚ ਅਕੀਦਾ ਰੱਖਣ ਵਾਲੇ ਭਾਈਚਾਰੇ ਲਈ ਅਚੇਤ ਹੀ 'ਮਲੇਛ', 'ਤੁਰਕ' ਆਦਿ ਸੰਬੋਧਨ ਵਰਤੇ ਹਨ - "ਤੁਰਕ ਰੜਕਦੇ ਨੇਤਰੀਂ ਮਿਰਚ ਵਾਗੂੰ, ਦਰਦ ਗਊ ਦਾ ਜਦੋਂ ਨਾ ਝੱਲ ਹੋਸੀ।" ਸਪਸ਼ਟ ਹੈ ਕਿ ਜੇਕਰ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਦੇ ਨਾਮਧਾਰੀ ਬਸਤੀਵਾਦ ਦੇ ਇਤਿਹਾਸਕ ਵਰਤਾਰੇ ਅਤੇ ਬਰਤਾਨਵੀ ਸ਼ਾਸਕਾਂ ਦੀ ਫ਼ਿਰਕਾਪ੍ਰਸਤੀ ਨੂੰ ਸ਼ਹਿ ਦੇਣ ਵਾਲੀ ਕੂਟਨੀਤੀ ਤੋਂ ਸੁਚੇਤ ਹੁੰਦੇ, ਤਾਂ ਮਹਾਨ ਕੁਰਬਾਨੀਆਂ ਕਰਨ ਵਾਲਾ ਤੇ ਅਹਿੰਸਾ ਦਾ ਉਪਾਸ਼ਕ ਨਾਮਧਾਰੀ ਭਾਈਚਾਰਾ ਕਦੇ ਵੀ ਭਰਾ-ਮਾਰੂ ਫ਼ਿਰਕੂ ਤਣਾਉ ਦੀ ਧਿਰ ਨਾ ਬਣਦਾ। ਨਾਮਧਾਰੀ ਪੰਥ ਵਿੱਚ ਇਹ ਵਿਸ਼ਵਾਸ (ਮਤ) ਪ੍ਰਚੱਲਿਤ ਰਿਹਾ ਹੈ ਕਿ ਪੰਥ ਉੱਪਰ ਮੁਸ਼ਕਿਲ ਸਮਾਂ ਜਾਂ 'ਭਾਣਾ' ਆਏਗਾ। ਇਸ ਮਿੱਥ ਦਾ ਆਧਾਰ 'ਵੱਡ-ਤੀਰਥ ਵਾਲੀ ਪੋਥੀ' ਜਾਂ 'ਪਲਾਦਸਰ ਵਾਲੀ ਪੋਥੀ' ਹੈ, ਜੋ ਚਰਨਦਾਸ ਨਾਮੀ ਕਿਸੇ ਉਦਾਸੀ ਸਾਧੂ ਦੀ ਰਚਨਾ ਹੈ। ਇਸ ਪੋਥੀ 'ਚ ਕਿਹਾ ਗਿਆ ਹੈ ਕਿ ਜਦੋਂ 'ਦੁੰਦ' ਜਾਂ 'ਭਾਣਾ' ਆਵੇਗਾ, ਉਦੋਂ ਰੂਸ ਆ ਕੇ ਪੰਥ ਦੀ ਮੁਕਤੀ ਕਰਵਾਏਗਾ, ਇਸ ਲਈ ਪੰਥ ਨੂੰ ਵੱਡੀ ਕੁਰਬਾਨੀ ਦੇਣੀ ਪਵੇਗੀ। ਕੁਝ ਨਾਮਧਾਰੀ ਲਿਖਾਰੀਆਂ ਨੇ ਇਸ ਮਿੱਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤੀ ਭਵਿੱਖਬਾਣੀ ਨਾਲ ਜੋੜਿਆ ਹੈ। ਇਸ ਦੀ ਪੁਸ਼ਟੀ ਕਵੀ ਕਾਲਾ ਸਿੰਘ 'ਪੈਂਤੀ ਅਖਰੀ' 'ਚ ਇੰਜ ਕਰਦਾ ਹੈ:

- ਦਸਮੇਂ ਪਾਤਸ਼ਾਹ ਨੇ ਜਿਹੜਾ ਲਿਖਿਆ ਸੀ,
ਬਚਨ ਅੱਸੀਆਂ ਸਿੰਘਾਂ ਦਾ ਪਾਰ ਹੋਇਆ।
ਮਹਾਰਾਜ ਦੇ ਹੱਥ ਹੈ ਡੋਰ ਸਾਡੀ,
ਸੰਤ ਖਾਲਸਾ ਸਭ ਤਿਆਰ ਹੋਇਆ।

ਸੰਖੇਪ ਵਿੱਚ ਸੰਤ ਕਾਲਾ ਸਿੰਘ (ਨੰਗਲ ਕਲਾਂ) ਦੀਆਂ ਕਾਵਿ-ਰਚਨਾਵਾਂ ਦੀ ਪ੍ਰਾਪਤੀ ਇਹ ਹੈ ਕਿ ਇਹ ਬਰਤਾਨਵੀ ਬਸਤੀਵਾਦ ਵਿਰੁੱਧ ਨਾਮਧਾਰੀ ਭਾਈਚਾਰੇ ਦੇ ਸੰਘਰਸ਼ ਨਾਲ ਸੰਬੰਧਿਤ ਘਟਨਾਵਾਂ ਤੇ ਇਤਿਹਾਸਕ ਤੱਥਾਂ ਨੂੰ ਭਾਵਪੂਰਤ ਸ਼ੈਲੀ ਵਿੱਚ ਉਜਾਗਰ ਕਰਦੀਆਂ ਹਨ। ਉਸ ਦੀ ਰਚਨਾ ਦਾ ਵਸਤੂ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਦੇ ਬਸਤੀਵਾਦੀ ਦੌਰ ਦਾ ਇਤਿਹਾਸ ਹੈ। ਉਸ ਦੀ ਕਾਵਿ-ਇਤਿਹਾਸਕਾਰੀ ਦਾ ਸਰੋਤ ਉਸ ਦਾ ਹੱਡੀਂ ਹੰਢਾਇਆ ਅਨੁਭਵ ਅਤੇ ਨਾਮਧਾਰੀ ਭਾਈਚਾਰੇ ਵਿੱਚ ਪ੍ਰਚੱਲਿਤ ਮੌਖਿਕ ਇਤਿਹਾਸ, ਮਾਨਤਾਵਾਂ ਅਤੇ ਦੰਦ-ਕਥਾਵਾਂ ਹਨ। ਇਤਿਹਾਸਕ-ਸਮਾਜਿਕ ਵਰਤਾਰੇ ਬਾਰੇ ਉਸ ਦੀ ਪਹੁੰਚ ਇਕਹਿਰੀ, ਇੱਕ ਕੇਂਦਰਵਾਦੀ ਜਾਂ ਅਦਵੈਤਵਾਦੀ (monist) ਹੈ। ਉਹ ਇਤਿਹਾਸ ਨੂੰ ਵੱਖ-ਵੱਖ ਜਮਾਤਾਂ, ਮਨੁੱਖੀ ਸਮੂਹਾਂ (ਜਾਤੀਆਂ, ਭਾਈਚਾਰਿਆਂ) ਜਾਂ ਧਿਰਾਂ (ਦੇਸ਼ਾਂ, ਕੌਮਾਂ, ਨਸਲਾਂ) ਦੇ ਆਰਥਿਕ, ਸਮਾਜਿਕ ਤੇ ਰਾਜਸੀ ਹਿਤਾਂ ਦੇ ਟਕਰਾਉ ਤੇ ਸੰਬੰਧਾਂ ਵਾਲੇ ਜਟਿਲ ਵਰਤਾਰੇ ਵਜੋਂ ਨਹੀਂ ਦੇਖਦਾ। ਇਤਿਹਾਸ ਕੇਵਲ ਵਿਅਕਤੀਆਂ ਤੇ ਘਟਨਾਵਾਂ ਦਾ ਵੇਰਵਾ ਮਾਤਰ ਨਹੀਂ ਹੁੰਦਾ, ਸਗੋਂ ਇਹ ਇੱਕ ਵਿਸ਼ੇਸ਼ ਸਮੇਂ ਤੇ ਸਥਾਨ 'ਚ ਵਿਚਰਦੇ ਵੱਖ-ਵੱਖ ਹਿਤਾਂ ਵਾਲੇ ਮਨੁੱਖਾਂ ਜਾਂ ਮਨੁੱਖੀ ਸਮੂਹਾਂ ਦੇ ਸੰਬੰਧਾਂ ਤੇ ਵਿਰੋਧਾਂ ਦੇ ਜਟਿਲ ਸਮਾਜਿਕ ਅਮਲ ਦਾ ਨਾਂ ਹੈ। ਕਵੀ ਕਾਲਾ ਸਿੰਘ ਇਤਿਹਾਸ ਨੂੰ (ਸਮਾਜਿਕ ਮਨੁੱਖੀ ਅਮਲ ਨੂੰ) ਪੂਰਵ ਨਿਸ਼ਚਿਤ ਹੋਣੀ ਜਾਂ ਅਕਾਲ ਪੁਰਖ ਦੇ ਭਾਣੇ ਵਜੋਂ ਸਵੀਕਾਰ ਕਰਦਾ ਹੈ। ਇਸੇ ਲਈ ਉਹ ਆਪਣੇ ਦੌਰ ਦੇ ਇਤਿਹਾਸਕ-ਸਮਾਜਿਕ ਵੇਗ ਦੀ ਗਤੀ ਨੂੰ ਮਨੁੱਖੀ ਅਮਲਾਂ ਤੋਂ ਬਾਹਰੇ ਕਿਸੇ ਦੈਵੀ ਹੁਕਮ ਜਾਂ ਸੱਤਾ ਦੇ 'ਭਾਣੇ' ਵਜੋਂ ਸਵੀਕਾਰ ਕਰਨ ਦੀ ਗ਼ਲਤੀ ਕਰਦਾ ਹੈ। ਇਹੋ ਉਸ ਦੀ ਮਿੱਥਕ ਚੇਤਨਾ 'ਤੇ ਟਿਕੀ ਇਤਿਹਾਸ-ਦ੍ਰਿਸ਼ਟੀ ਦੀ ਸੀਮਾ ਹੈ।

.................................................................

# ਡਾ. ਪੁਸ਼ਪਿੰਦਰ ਜੈਰੂਪ ਦਾ ਵਿਛੋੜਾ



**–ਡਾ. ਹਰਸ਼ਿੰਦਰ ਕੌਰ**
**94176–66069**

ਸਿਰੇ ਦਾ ਜਨੂੰਨ ਸੀ ਉਨ੍ਹਾਂ ਨੂੰ ਲਿਖਣ ਦਾ। ਏਨਾ ਕਿ ਇੱਕ ਪਾਸੇ ਕੈਂਸਰ ਦਾ ਟੀਕਾ ਲੱਗ ਰਿਹਾ ਹੁੰਦਾ ਤਾਂ ਦੂਜੇ ਪਾਸੇ ਕੰਪਿਊਟਰ ਉੱਤੇ ਆਪਣੀ ਕਿਤਾਬ ਦੇ ਪੰਨੇ ਨੂੰ ਇੰਜ ਸ਼ਿੰਗਾਰ ਰਹੇ ਹੁੰਦੇ ਜਿਵੇਂ ਕੋਈ ਪੇਂਟਰ ਆਪਣੀ ਮਨਮੋਹਣੀ ਕਲਾਕ੍ਰਿਤੀ ਨੂੰ ਸਿਤਾਰੇ ਜੜ ਰਿਹਾ ਹੋਵੇ।

ਕਦੇ ਇੱਕ ਕੋਨੇ ਉੱਤੇ, ਕਦੇ ਵਿਚਕਾਰ ਅਤੇ ਕਦੇ ਹੇਠਲੇ ਸਿਰੇ ਉੱਤੇ ਆਪਣੇ ਹੀ ਬੇਟੇ ਅਰਸ਼ਰੂਪ ਸਿੰਘ ਦੀ ਖਿੱਚੀ ਤਸਵੀਰ ਸਜਾ ਕੇ, ਉਸ ਵਿੱਚ ਆਪਣੀ ਲਿਖਤ ਨੂੰ ਇੱਧਰ-ਉਧਰ ਕਰ, ਪੂਰਾ ਪੰਨਾ ਤਿਆਰ ਕਰਨਾ, ਉਨ੍ਹਾਂ ਦੀ ਰੋਜ਼ ਦੀ ਰੂਟੀਨ ਸੀ।

ਡਾ. ਪੁਸ਼ਪਿੰਦਰ ਕੌਰ ਨੂੰ ਜੀਵਾਂ, ਪੰਛੀਆਂ, ਜੰਗਲੀ ਜਾਨਵਰਾਂ, ਕੀੜੇ-ਮਕੌੜਿਆਂ ਅਤੇ ਫਲ-ਬੂਟਿਆਂ ਬਾਰੇ ਜਾਣਨ ਦੀ ਬਰ ਇੱਛਾ ਸੀ। ਪੀ.ਐਚ.ਡੀ. ਕਰਨ ਤੋਂ ਬਾਅਦ ਜੀਵ ਵਿਗਿਆਨੀ ਡਾ. ਪੁਸ਼ਪਿੰਦਰ ਕੌਰ ਨੇ ਚਾਰ ਦਹਾਕੇ ਸੈਂਕੜੇ ਵਿਦਿਆਰਥੀਆਂ ਲਈ ਰਾਹ ਦਸੇਰਾ ਬਣਨ ਦਾ ਯਤਨ ਕੀਤਾ ਅਤੇ ਬਥੇਰਿਆਂ ਨੂੰ ਉੱਚ-ਪੱਧਰੀ ਜੀਵ-ਵਿਗਿਆਨੀ ਬਣਾ ਵੀ ਦਿੱਤਾ।

ਮੇਰੀ ਉਮਰ ਉਨ੍ਹਾਂ ਤੋਂ ਬਹੁਤ ਘੱਟ ਹੋਣ ਸਦਕਾ ਉਹ ਮੇਰੀ ਭਾਬੀ ਘੱਟ ਤੇ ਮਾਂ ਸਮਾਨ ਵੱਧ ਸਨ। ਇਸੇ ਲਈ ਜਦੋਂ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਆਪਣੇ ਸਕੂਲੋਂ ਮੁੜ ਕੇ ਉਨ੍ਹਾਂ ਦੇ ਵਿਭਾਗ ਵਿਚ ਜਾਣਾ ਤਾਂ ਉਨ੍ਹਾਂ ਅਨੇਕਾਂ ਤਰ੍ਹਾਂ ਦੇ ਸੱਪ, ਕੀੜੇ ਵਿਖਾਉਣੇ ਤੇ ਉਨ੍ਹਾਂ ਬਾਰੇ ਬਹੁਤ ਕੁੱਝ ਦੱਸਣਾ।

ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਤੋਂ ਸੰਨ 1967-69 ਵਿੱਚ ਉਨ੍ਹਾਂ ਮਾਸਟਰ ਦੀ ਡਿਗਰੀ ਕੀਤੀ ਸੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੀ.ਐਚ.ਡੀ.। ਇਸੇ ਯੂਨੀਵਰਸਿਟੀ ਵਿੱਚ ਹੀ ਉਹ ਵਿਆਹ ਕੇ ਸਾਡੇ ਘਰ ਆਏ ਸਨ ਜਦੋਂ ਮੇਰੇ ਭਾਪਾ ਜੀ, ਪ੍ਰੋ. ਪ੍ਰੀਤਮ ਸਿੰਘ ਜੀ ਉਥੇ ਬਤੌਰ ਪ੍ਰੋਫੈਸਰ ਤੇ ਮੁਖੀ ਲੱਗੇ ਹੋਏ ਸਨ।

ਉਦੋਂ ਯੂਨੀਵਰਸਿਟੀ ਵਿੱਚ ਘੁੰਮਦੇ ਹੋਏ ਜਦੋਂ ਸ਼ਾਮੀ ਨਿੱਕੇ-ਮੋਟੇ ਕੀਟ-ਪਤੰਗੇ ਮੈਂ ਤੇ ਮੇਰੀਆਂ ਸਹੇਲੀਆਂ ਡੱਬੀ ਵਿਚ ਫੜ ਲਿਆਉਂਦੀਆਂ ਤਾਂ ਸਾਨੂੰ ਸਾਰਿਆਂ ਨੂੰ ਬਿਠਾ ਕੇ ਉਨ੍ਹਾਂ ਦੇ ਵੱਖੋ-ਵੱਖ ਹਿੱਸਿਆਂ ਬਾਰੇ ਸਮਝਾ ਕੇ ਉਨ੍ਹਾਂ ਕੀਟ-ਪਤੰਗਿਆਂ ਨੂੰ ਆਜ਼ਾਦ ਕਰ ਦੇਣਾ।

ਭਾਪਾ ਜੀ ਨੇ ਇਹ ਵੇਖਣਾ ਤਾਂ ਭਾਬੀ ਜੀ ਨੂੰ ਕਹਿਣਾ ਕਿ ਤੂੰ ਜਿਵੇਂ ਇਨ੍ਹਾਂ ਨਿਆਣਿਆਂ ਨੂੰ ਪੰਜਾਬੀ ਵਿਚ ਸਮਝਾਉਂਦੀ ਹੈਂ, ਉਸੇ ਤਰ੍ਹਾਂ ਪੰਜਾਬੀ ਵਿੱਚ ਲਿਖ ਕੇ ਅਨੇਕ ਬੱਚਿਆਂ ਲਈ ਚਾਨਣ ਮੁਨਾਰਾ ਸਾਬਤ ਹੋ ਸਕਦੀ ਹੈਂ। ਇੰਜ ਕਰਨ ਨਾਲ ਪੰਜਾਬੀ ਮਾਂ-ਬੋਲੀ ਦੀ ਵੱਡਮੁੱਲੀ ਸੇਵਾ ਵੀ ਹੋ ਸਕਦੀ ਹੈ।

ਭਾਬੀ ਜੀ ਨੇ ਇਹ ਸੁਣਦੇ ਸਾਰ ਪਾਸਾ ਵੱਟ ਲੈਣਾ ਜਾਂ ਹਰ ਵਾਰ ਨਵਾਂ ਬਹਾਨਾ ਘੜ ਕੇ ਨਾਂਹ-ਨੁੱਕਰ ਕਰਨੀ ਕਿ ਮੈਨੂੰ ਪੰਜਾਬੀ ਵਿੱਚ ਲਿਖਣਾ ਨਹੀਂ ਆਉਂਦਾ ਤੇ ਨਾ ਹੀ ਏਨਾ ਸਮਾਂ ਹੁੰਦਾ ਹੈ। ਅੰਗਰੇਜ਼ੀ ਦੀ ਜੀਵ-ਵਿਗਿਆਨ ਦੀ ਪੜ੍ਹਾਈ ਨੂੰ ਬਿਲਕੁੱਲ ਸੌਖੀ ਜ਼ਬਾਨ ਵਿਚ ਲਿਖਣਾ ਕਿਹੜਾ ਸੌਖਾ ਸੀ। ਔਖੇ ਸ਼ਬਦਾਂ ਦੇ ਅਰਥ ਪੰਜਾਬੀ ਵਿਚ ਕਰਦਿਆਂ ਕਈ ਘੰਟੇ ਲੱਗ ਜਾਣੇ ਸਨ। ਉਦੋਂ ਕੀ ਪਤਾ ਸੀ ਕਿ ਆਉਣ ਵਾਲਾ ਸਮਾਂ ਕਿਹੋ ਜਿਹਾ ਹੋਣਾ ਹੈ।

ਕੰਮ ਦੇ ਰੁਝੇਵੇਂ ਵਧੇ ਅਤੇ 40 ਸਾਲਾਂ ਵਿਚ ਸਿੰਡੀਕੇਟ, ਸੈਨੇਟ, ਅਕਾਦਮਿਕ ਕਾਊਂਸਲ, ਪਲੈਨਿੰਗ ਬੋਰਡ ਆਦਿ ਵਿਚ ਆਪਣਾ ਯੋਗਦਾਨ ਪਾਉਂਦਿਆਂ ਵਕਤ ਲੰਘਣ ਦਾ ਪਤਾ ਹੀ ਨਹੀਂ ਲੱਗਿਆ। ਸੌ ਤੋਂ ਵੱਧ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਖੋਜ ਪੱਤਰ ਲਿਖਣ ਤੱਕ ਵੀ ਕਦੇ ਪੰਜਾਬੀ ਵਿਚ ਲਿਖਣ ਦਾ ਵਿਚਾਰ ਨਹੀਂ ਕੀਤਾ। ਭਾਪਾ ਜੀ ਹਟਣ ਵਾਲੇ ਨਹੀਂ ਸਨ। ਉਨ੍ਹਾਂ ਕਿਸੇ ਨਾ ਕਿਸੇ ਤਰੀਕੇ ਪਿਆਰਾ ਜਿਹਾ ਉਲਾਂਭਾ ਦਿੰਦੇ ਰਹਿਣਾ ਕਿ ਮੈਂ ਵੀ ਤੇਰੇ ਹੱਥ ਦੀ ਪੰਜਾਬੀ ਵਿਚ ਲਿਖੀ ਕਿਤਾਬ ਵੇਖੇ ਬਿਨਾਂ ਸੁਆਸ ਨਹੀਂ ਤਿਆਗਣੇ।

ਅਖ਼ੀਰ ਭਾਬੀ ਜੀ ਨੇ ਕਲਮ ਚੁੱਕ ਹੀ ਲਈ ਤੇ ਲਿਖ ਕੇ ਭਾਪਾ ਜੀ ਨੂੰ ਪੜ੍ਹ ਕੇ ਸੁਣਾਇਆ ਤਾਂ ਭਾਪਾ ਜੀ ਗਦਗਦ ਹੋ ਉੱਠੇ। ਥੋੜ੍ਹੀਆਂ ਬਹੁਤ ਗ਼ਲਤੀਆਂ ਠੀਕ ਕੀਤੀਆਂ ਤੇ ਦੁਬਾਰਾ ਲਿਖਣ ਦੀ ਹੱਲਾਸ਼ੇਰੀ ਦਿੱਤੀ। ਅਚਾਨਕ ਇਕ ਦਿਨ ਅਕਤੂਬਰ, 2006 ਦੁਸਹਿਰੇ ਵਾਲੇ ਦਿਨ ਪਤਾ ਲੱਗਿਆ ਕਿ ਸਰੀਰ ਅੰਦਰ ਕੈਂਸਰ ਨੇ ਹੱਲਾ ਬੋਲਿਆ ਹੈ। ਆਮ ਤੌਰ ਉੱਤੇ ਲੋਕ ਕੈਂਸਰ ਦਾ ਨਾਮ ਸੁਣਦਿਆਂ ਹੀ ਢਹਿ-ਢੇਰੀ ਹੋ ਜਾਂਦੇ ਹਨ ਪਰ ਉਸ ਦਿਨ ਭਾਬੀ ਜੀ ਨੇ ਵੱਖ ਕਿਸਮ ਦਾ ਫ਼ੈਸਲਾ ਲਿਆ।

ਨਾਲੋ-ਨਾਲ ਇਲਾਜ ਚੱਲਦਾ ਰਿਹਾ ਤੇ ਦੂਜੇ ਪਾਸੇ ਕਲਮ ਚੱਲਣੀ ਸ਼ੁਰੂ ਹੋ ਗਈ।

ਲਗਾਤਾਰ 15 ਸਾਲ ਕੈਂਸਰ ਨਾਲ ਜੰਗ ਵਿੱਢੀ ਤੇ ਉਸ ਦੌਰਾਨ ਦਿਨ-ਰਾਤ ਇੱਕ ਕਰ ਕੇ ਲਿਖੀ ਪੰਜਾਬੀ ਵਿੱਚ ਲੇਖਾਂ ਦੀ ਲੜੀ ਨੇ ਕਮਾਲ ਕਰ ਵਿਖਾਇਆ।



ਡਾ. ਪੁਸ਼ਪਿੰਦਰ ਜੈਰੂਪ

ਸੰਨ 2009 ਵਿਚ ਕੈਂਸਰ ਦੇ ਫੈਲ ਜਾਣ ਬਾਰੇ ਪਤਾ ਲੱਗ ਗਿਆ ਸੀ ਪਰ ਨਾ ਆਪਰੇਸ਼ਨ ਤੇ ਨਾ ਹੀ ਟੀਕਿਆਂ ਨੇ ਹਿੰਮਤ ਪਸਤ ਕੀਤੀ। ਲਗਾਤਾਰ ਲੇਖਾਂ ਨੇ 13 ਬਿਹਤਰੀਨ ਕਿਤਾਬਾਂ ਦਾ ਰੂਪ ਧਾਰਿਆ ਅਤੇ ਵੱਖੋ-ਵੱਖ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਅਖ਼ਬਾਰਾਂ ਵਿਚ 140 ਲੇਖ ਲਿਖੇ ਜੋ ਜੀਵ ਵਿਗਿਆਨ ਨੂੰ ਸਰਲ ਪੰਜਾਬੀ ਭਾਸ਼ਾ ਵਿਚ ਲਿਖਣ ਦੀ ਵਿਲੱਖਣ ਸ਼ੁਰੂਆਤ ਸੀ।

ਹਾਲੇ ਕੁਦਰਤ ਨੇ ਹੋਰ ਕਿਸਮ ਦਾ ਕੰਮ ਵੀ ਭਾਬੀ ਜੀ ਤੋਂ ਲੈਣਾ ਸੀ। ਇਸੇ ਲਈ ਉਨ੍ਹਾਂ ਦਾ ਧਿਆਨ ਭਾਪਾ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਤੇ ਕੀਤੇ ਕੰਮ ਵੱਲ ਗਿਆ। ਉਹ ਪੜ੍ਹਦਿਆਂ ਉਨ੍ਹਾਂ ਧਿਆਨ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਤਰ੍ਹਾਂ ਦੇ ਜਾਨਵਰਾਂ, ਕੀਟ-ਪਤੰਗਿਆਂ ਅਤੇ ਰੁੱਖਾਂ ਦਾ ਜ਼ਿਕਰ ਹੈ।

ਬੱਸ ਫਿਰ ਕੀ ਸੀ, ਖੋਜ ਕਰਦਿਆਂ 9000 ਤੋਂ 10,000 ਚਿੜੀਆਂ ਦੀਆਂ ਪ੍ਰਜਾਤੀਆਂ ਬਾਰੇ ਪੜ੍ਹਿਆ। ਪੰਜਾਬ ਵਿਚ ਘਟਦੇ ਪਾਣੀ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਕੀਤੇ ਰੁੱਖਾਂ ਤੇ ਕੀਟ-ਪਤੰਗਿਆਂ ਵਿੱਚੋਂ ਅਨੇਕਾਂ ਅਲੋਪ ਹੋਣ ਦੇ ਨੇੜੇ ਲੱਭੇ। ਇਸ ਚਿੰਤਾ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਅਤੇ ਪੰਜਾਬੀਆਂ ਨੂੰ ਜਾਗਰੂਕ ਕਰਨ ਲਈ ਜੋ ਕਿਤਾਬਾਂ ਹੋਂਦ ਵਿਚ ਆਈਆਂ, ਉਹ ਹਨ :-

1) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਛੀਆਂ ਦਾ ਜ਼ਿਕਰ
2) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਸ਼ੂਆਂ ਦਾ ਜ਼ਿਕਰ
3) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੀਵ-ਜੰਤੂਆਂ ਦਾ ਜ਼ਿਕਰ
4) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੌਦਿਆਂ ਦਾ ਜ਼ਿਕਰ

ਇੱਕ-ਇੱਕ ਕਿਤਾਬ ਆਪਣੇ ਆਪ ਵਿਚ ਅਸੀਮ ਮਿਹਨਤ ਦੀ ਮੂੰਹ ਬੋਲਦੀ ਤਸਵੀਰ ਹੈ। ਲਿਸ਼ਕਦਾ ਕਾਗ਼ਜ਼, ਬਿਹਤਰੀਨ ਛਪਾਈ, ਅਤਿ-ਖ਼ੂਬਸੂਰਤ ਚਿੱਤਰ (ਜੋ ਬੇਟੇ ਅਰਸ਼ਰੂਪ ਸਿੰਘ ਨੇ ਆਪ ਖਿੱਚੇ ਹਨ) ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਤੁਕਾਂ ਉੱਤੇ ਆਧਾਰਿਤ ਇੱਕ ਤੋਂ ਇੱਕ ਵਧੀਆ ਲੇਖ ਅਤੇ ਪੰਛੀਆਂ, ਪਸ਼ੂਆਂ, ਜੀਵ-ਜੰਤੂਆਂ ਤੇ ਪੌਦਿਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ। ਇਹੋ ਜਿਹਾ ਕੰਮ ਹਾਲੇ ਤੱਕ ਹੋਇਆ ਨਹੀਂ ਹੈ।

ਇਨ੍ਹਾਂ ਤੋਂ ਇਲਾਵਾ ਬਾਤਾਂ ਕੀਟ ਸੰਸਾਰ ਦੀਆਂ, ਸੱਪ ਪੰਜਾਬ ਦੇ, ਪੰਜਾਬ ਦੇ ਜੰਗਲੀ ਜੀਵਾਂ ਨਾਲੋਂ ਆਦਿ ਵਿਚਲੀ ਜਾਣਕਾਰੀ ਪੜ੍ਹ ਕੇ ਪਾਠਕ ਜ਼ਰੂਰ ਲੇਖਿਕਾ ਦੀ ਪੰਜਾਬ ਦੀ ਧਰਤੀ ਲਈ ਅਤੇ ਵਾਤਾਵਰਣ ਪ੍ਰਤੀ ਪੀੜ ਮਹਿਸੂਸ ਕਰ ਸਕਣਗੇ ਪਰ ਮੈਂ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਪਾਠਕ ਉਹ ਪੀੜ ਨਹੀਂ ਵੇਖ ਸਕਦੇ ਜੋ ਮੈਂ ਆਪਣੇ ਅੱਖੀਂ ਵੇਖੀ ਹੈ। ਟੀਕੇ, ਸੂਈਆਂ, ਵਾਲਾਂ ਦਾ ਝੜਨਾ, ਚਮੜੀ ਉਤਰਨੀ, ਢਿੱਡ ਤੇ ਫੇਫੜਿਆਂ ਅੰਦਰ ਲੱਗੀਆਂ ਪਾਈਪਾਂ, ਗੋਲੀਆਂ ਦੀਆਂ ਭਰੀਆਂ ਕੌਲੀਆਂ ਸਮੇਤ ਨਿਰੰਤਰ ਲਿਖਣ ਦੇ ਕਾਰਜ ਨੂੰ ਜਾਰੀ ਰੱਖਣਾ।

ਕੁਦਰਤ ਨੇ ਜਿੰਨਾ ਤਗੜਾ ਇਮਤਿਹਾਨ ਲਿਆ, ਓਨਾ ਹੀ ਤਗੜੇ ਤਰੀਕੇ ਭਾਬੀ ਜੀ ਦਾ ਕੰਮ ਹੋਰ ਨਿਖਰਦਾ ਗਿਆ। ਇਸ ਸਾਰੀ ਪੀੜ ਨੂੰ ਵੰਡਾਉਣ ਲਈ ਜੋ ਰੋਲ ਮੇਰੇ ਵੱਡੇ ਭਰਾ ਡਾ. ਜੈਰੂਪ ਸਿੰਘ ਨੇ ਨਿਭਾਇਆ (ਜੋ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਵਾਈਸ ਚਾਂਸਲਰ ਸਨ ਅਤੇ ਫਿਰ ਸੈਂਟਰਲ ਯੂਨੀਵਰਸਿਟੀ, ਬਠਿੰਡਾ ਵਿਖੇ ਵੀ ਵਾਈਸ ਚਾਂਸਲਰ ਰਹੇ), ਉਸ ਬਾਰੇ ਕਹਿਣ ਨੂੰ ਮੇਰੇ ਕੋਲ ਸ਼ਬਦ ਹੀ ਨਹੀਂ ਹਨ। 'ਇਕ ਜੋਤ ਦੋਇ ਮੂਰਤੀ' ਰੂਪੀ ਇਹ ਜੋੜੀ ਇੱਕ ਦੂਜੇ ਲਈ ਹਮੇਸ਼ਾ ਮਾਨਸਿਕ ਤਾਕਤ ਬਣ ਕੇ ਉਭਰੀ ਅਤੇ ਦੁਨੀਆਂ ਲਈ ਇਕ ਮਿਸਾਲ ਬਣ ਗਈ ਹੋਈ ਸੀ।

ਅਖ਼ੀਰ ਭਾਣਾ ਵਰਤ ਗਿਆ। 27 ਜੁਲਾਈ, 2021 ਨੂੰ ਸ਼ਾਮ 6.25 ਵਜੇ ਭਾਬੀ ਜੀ ਨੇ ਆਖ਼ਰੀ ਸਾਹ ਲਿਆ। ਅਫ਼ਸੋਸ ਜਤਾਉਣ ਸਮੇਂ ਜਦੋਂ ਇੱਕ ਪੱਤਰਕਾਰ ਵੀਰ ਨੇ ਡਾ. ਜੈਰੂਪ ਵੀਰ ਨੂੰ ਪੁੱਛਿਆ ਕਿ ਹੁਣ ਇਹ ਖ਼ਲਾਅ ਕਿਵੇਂ ਭਰੋਗੇ ਤਾਂ ਵੀਰ ਨੇ ਜਵਾਬ ਦਿੱਤਾ- ਪੁਸ਼ਪ ਦਾ ਜਿੰਨਾ ਕੰਮ ਰਹਿ ਗਿਆ, ਹੁਣ ਉਸ ਨੂੰ ਆਖ਼ਰੀ ਸਾਹ ਤੱਕ ਲੱਗ ਕੇ ਪੂਰਾ ਕਰਾਂਗਾ। ਸ਼ਾਲਾ! ਇਹ ਤਮੰਨਾ ਪੂਰੀ ਹੋਵੇ, ਮੈਂ ਤਾਂ ਇਹੀ ਅਰਦਾਸ ਕਰ ਸਕਦੀ ਹਾਂ।

..........................................................................

# LET PEACE PREVAIL



Amritbir Kaur
88266-20876

'Guru Ladho Re', the call reverberates through the pages of Sikh history – the words that have come to be gilded in gold. Knowing our Gurus and understanding and implying their teachings down to the grass root level in our daily life and experiences is the essence of rising above board and getting the peace within – something that actually matters. Guru Teg Bahadur was a spiritually inclined being, someone who was an ascetic in nature and with less involvement in worldly affairs. He always rooted for peace throughout his lifetime. His teachings guide mankind towards indifference to both misery and happiness in pursuit of praise of the Almighty.

Peace is a state of balance, which also might construe that it is to strike an equation with two items. When we talk of peace of mind, it is a constant struggle between calm and the storm. As goes a saying in English 'the calm before the storm', where the calm and the storm are a part and parcel of one concept; that is, they share a cause-and-effect relationship. So how do we explain this contradiction in terms of human mind? Let's delve a bit deeper into the layers of the conscious human mind. Calm and storm are two things of contrasting nature, one leads to another as is the law of Nature. The same is the case of human behaviour. As John Dryden has aptly remarked, "Beware the fury of a patient man!" Hence, to be at peace the human mind has to have a balanced amount of calm. Otherwise, when supplied to the mind in huge quantities, it can lead to a storm!

Coming on to the lexical meaning of the word 'peace' we have the Oxford dictionary saying first of all that peace is 'freedom from disturbance or tranquility; second it is a 'state or period in which there is no war or a war has ended'. Out of these two whatever meaning we consider; we will have to discuss it on two different levels – the internal and the external. We might have a disturbance within ourselves too or for that matter at times we are at war with our own self. Hence, the disturbance or being at war is not just confined to the out of human body existence, they both might very well reside inside the mortal frame. Coming to the tranquilizing of the disturbing factors, first of all, we need to understand that the external disturbance can be controlled in a much easier manner than the internal one. On focusing to resolve the internally sourced disturbance, we must begin by understanding our own inner realities – 'What is it that we don't want? What is it we would like to add to our life?' It is our having or not having something that is most likely to be the cause of our disequilibrium. Limiting our wants and expectations will come

in handy even here too as in many cases that will solve most of our problems. Apart from that we must also specify to ourselves the goals of life as clarity of mind will help you to move forward with courage and confidence without wasting your time in confusion. Once we have done that we would no longer be at war with our own self. Peace would dawn upon us and there would be light!

ਰਾਗੁ ਗਉੜੀ ਮਹਲਾ ੯ ॥
ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾਤੇ ਅਹਿ ਨਿਸਿ ਭਾਗਉ ॥੧ ਰਹਾਉ ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤੁਤ_ਪਛਾਨਾ ॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥

Sadho Man Ka Maan Tyago
Kam Krodh Sangat Durjan Ki
Taan Te Ahnas Bhago (pause)
Sukh Dukh Dono Sam Kar Janai
Aur Man Apmana
Harkh Sog Te Rahe Atita
Tin Jag Tat Pachhana
Ustat Ninda Daoo Tyage
Khoje Pad Nirbana
Jan Nanak Eh Khel Kathhan Hai
Kinhu Gurmukh Jana

A group of Sadhus called upon the Ninth spirit of Guru Nanak, Guru Teg Bahadur, when he was camping at Banaras. They had come to test the spirituality of Guru Nanak the Ninth. The sadhus, who very proud of their own spiritual knowledge and power, had come to hold a discussion with the Guru.

With utmost humility, Guru Teg Bahadur ji rendered the above hymn for their spiritual upliftment before entering into a spiritual discourse with them. With profound humility, the Knower of all Hearts, Satguru sang the above hymn for their spiritual benefit before engaging them in any discussion:

Let us have a look at what the hymn offers to us:

'O saints, renounce the Ego, and always flee from lust, wrath and evil company. One should consider pain and pleasure, honour and dishonour the same. One should renounce both praise and blame (flattery and slander) and even the search for salvation. This is a very difficult path and rare is a (Gurmukh) pious person who knows how to tread it.

The path of salvation is difficult. The path moves from self to self. It is a self-journey basically and nobody can lead you there. Self-realization or self-actualization is the highest level according to John Maslow's hierarchy as well. We, as humans, often waste our energies over trifles like choosing our materialistic ideals and goals. And it is often in such type of pursuits in which we are so much engrossed that we are cut off from our own selves. This is precisely why we are unable to hear our conscience's words ofwarning at the time of committing a wrong deed. The face of it can be seen in the degradation of the moral standards, especially in the youngsters, who love everything that is fast – be it swanky cars or racy bikes or the urge of making fast money.

Before we take steps for the development of self-concept, we must first of

all identify all the hindrances that block the path of self-development – because only then will we be able to chalk out a targeted plan of action to reverse the damaging process in operation First of all, let us have a look at the much talked of term, that is, modernization. Often being modern is taken to the blind imitation of the West – call it slavish mentality or the weakness of character but we are always trying to adopt the western values no matter how damaging they may be for us and we are always ready to relinquish our own, howsoever cherishable and practical they may be. This very nonchalant adoption of Western values by the youngsters construes that they live their life on a superficial level – trying to be something what they are not. So, there is no question of self-development in that scenario. Look within and you will find everything!

Kahlil Gibran in his famous book, 'The Prophet' writes in the chapter 'Self Knowledge':

The hidden well-spring of
your soul must need rise and
run murmuring to the sea;
And the treasure of your
infinite depths would be
revealed to your eyes.
But let there be no scales to
weigh your unknown
treasure;
And seek not the depths of
your knowledge with staff or
sounding line.
For self is a sea boundless
and measureless.

## ਮਿਹਨਤ ਵਾਲੀ ਜੋਤ
## (ਗ਼ਜ਼ਲ)

**ਬਲਵਿੰਦਰ 'ਬਾਲਮ'**

ਬੰਦੇ ਦੇ ਦਿਲ ਵਿਚ ਜਗ ਜਾਏ ਮਿਹਨਤ ਵਾਲੀ ਜੋਤ।
ਫੇਰ ਹਨ੍ਹੇਰੇ ਦੂਰ ਭਜਾਏ ਮਿਹਨਤ ਵਾਲੀ ਜੋਤ।
ਜੀਵਨ ਬਸ ਇਕ ਵਾਰੀ ਮਿਲਣਾ ਫੇਰ ਦੁਬਾਰਾ ਕਿੱਥੇ,
ਬਲਦੇ ਦੀਵੇ ਨੂੰ ਸਮਝਾਏ ਮਿਹਨਤ ਵਾਲੀ ਜੋਤ।
ਮਗਰ ਜਵਾਲਾ ਹਰ ਧਰਤੀ 'ਚੋਂ ਫੁਟਦਾ ਨਈਂ ਏਂ ਪਰ,
ਹਰ ਇਕ ਦਿਲ ਦੇ ਵਿਚ ਸਮਾਏ ਮਿਹਨਤ ਵਾਲੀ ਜੋਤ।
ਸ਼ੁਹਰਤ, ਦੌਲਤ, ਖ਼ੁਸ਼ਬੂ, ਖੇੜ੍ਹੇ, ਰੰਗੋਲੀ, ਚੰਗੋਲੀ,
ਅੰਬਰ ਨੂੰ ਜਦ ਛੂਹ-ਛੂਹ ਜਾਏ ਮਿਹਨਤ ਵਾਲੀ ਜੋਤ।
ਅਲਬੱਤਾ ਇਹ ਜਿਸ ਵੀ ਘਰ ਦੇ ਅੰਦਰ ਪੈਰ ਜਮਾਏ,
ਅੰਤਰ ਨਾਦ 'ਚ ਨਗ਼ਮੇਂ ਗਾਏ ਮਿਹਨਤ ਵਾਲੀ ਜੋਤ।
ਇਸਦੀ ਪੂਜਾ ਅਰਚਨ ਦੇ ਵਿਚ ਸ਼ਕਤੀ, ਭਗਤੀ, ਸਮਤੀ,
ਅਭਿਵਾਦਨ, ਅਭਿਨੰਦਨ ਹੰਢਾਏ ਮਿਹਨਤ ਵਾਲੀ ਜੋਤ।
ਉਨਤੀ ਦੇ ਵਿਚ ਮੰਗਲਕਾਰੀ ਸ਼ੁੱਭ ਅਸ਼ੀਸ਼ਾਂ ਹੋਵਣ,
ਤੇਲ 'ਚ ਸੜ ਕੇ ਜੋਤ ਜਗਾਏ ਮਿਹਨਤ ਵਾਲੀ ਜੋਤ।
ਆਲਸ, ਬੇਈਮਾਨੀ, ਰਿਸ਼ਵਤ, ਨਫ਼ਰਤ ਤੇ ਚਤੁਰਾਈ,
ਇਹਨਾਂ ਥਾਵਾਂ ਤੋਂ ਸ਼ਰਮਾਏ ਮਿਹਨਤ ਵਾਲੀ ਜੋਤ।
ਇਹ ਸਰਵੋਤਮ ਸਿਖਿਅਣ ਸ਼ਾਖਾ, ਅੱਖਰ ਜਨਨੀ, ਉਨਤੀ,
ਬੰਦੇ ਨੂੰ ਚੰਨ ਤੀਕ ਪੁਚਾਏ ਮਿਹਨਤ ਵਾਲੀ ਜੋਤ।
ਸੂਰਜ, ਚੰਨ, ਸਿਤਾਰੇ, ਧਰਤੀ ਇਸਦੀ ਕੁੱਖ ਦੇ ਜਾਏ,
ਸਦੀਆਂ ਤੋਂ ਹੀ ਆਏ ਜਾਏ ਮਿਹਨਤ ਵਾਲੀ ਜੋਤ।
'ਬਾਲਮ' ਉਥੇ ਨਰਕ ਦਿਸ਼ਾਵਾਂ ਚਾਰ ਚੁਫ਼ੇਰੇ ਹੋਵਣ,
ਜਿੱਥੇ ਨੇਰ੍ਹੀ ਰੋਜ਼ ਬੁਝਾਏ ਮਿਹਨਤ ਵਾਲੀ ਜੋਤ।

**ਓਂਕਾਰ ਨਗਰ, ਗੁਰਦਾਸਪੁਰ (ਪੰਜਾਬ)**
**ਮੋ: 98156-25409**

# ਬੀਤੇ ਦੀਆਂ ਪੈੜਾਂ

**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**



**ਪ੍ਰੀਤਮ ਸਿੰਘ ਕਵੀ**

**3 ਅਕਤੂਬਰ 1986, ਵੀਰਵਾਰ**

ਸਤਿਗੁਰੂ ਜੀ ਇਹਨਾਂ ਚੋਂ ਲਾਟੋਂ ਵਾਲੇ ਨੂੰ ਪਛਾਣਦੇ ਸਨ ਅਤੇ ਇਨ੍ਹਾਂ ਜਲ ਪਾਣੀ ਦੀ ਸੇਵਾ ਪੁੱਛੀ ਸੀ। ਸੰਤ ਹਰਭਜਨ ਸਿੰਘ ਜ਼ਰਾ ਉੱਚਾ ਸੁਣਦਾ ਸੀ। ਉਸ ਆਪਣੀ ਗੱਲ ਕੀਤੀ। ਏਥੇ ਓਹੋ ਮਰਿਆਦਾ ਹੈ, ਓਹੋ ਰੰਗ ਢੰਗ ਹੈ, ਜੋ ਵੱਡੇ ਸਤਿਗੁਰਾਂ ਵੇਲੇ ਹੁੰਦਾ ਸੀ। ਓਹੋ ਸਾਦਗੀ। ਛੱਪਰ ਨਹੀਂ ਰਹੇ ਮਕਾਨ ਪੱਕੇ ਹਨ।

ਬਜ਼ੁਰਗਾਂ ਕਿਹਾ ਉਹ ਮੇਲੇ ਦੇ ਦਿਨੀਂ ਫੇਰ ਵੀ ਆਉਂਦੇ ਰਹਿਣਗੇ।

**ਉਸਾਰੀ ਭੈਣੀ ਸਾਹਿਬ ਦੀ –** ਪਸ਼ੂਆਂ ਵਾਲੇ ਤਬੇਲੇ ਦੇ ਲੰਗਰ ਮੰਦਰ ਵਾਲੇ ਪਾਸੇ 3 ਗੈਰੇਜ ਹੋਰ ਉਸਾਰੇ ਜਾਣੇ ਹਨ।

**ਕੁਛ ਅਹਿਮ ਖ਼ਬਰਾਂ –** ਰਾਤੀਂ 8.30 ਵਜੇ ਸੇਠ ਤਰਲੋਕ ਸਿੰਘ ਜੀ ਵਾਲੀ ਕੋਠੀ ਪਾਸ ਸੁਖਵਿੰਦਰ ਸਿੰਘ ਪਿੰਕੀ ਮਿਲਿਆ। ਉਸ ਦੱਸਿਆ :

1. ਸ਼੍ਰੀ ਰਬੈਰੀਓ ਆਈ. ਜੀ. ਪੁਲਿਸ ਵਾਲ ਵਾਲ ਬਚ ਗਿਆ ਹੈ। ਜਲੰਧਰ ਉਸਦੇ ਖ਼ਾਸ ਨਿਵਾਸ ਤੇ ਸੈਰ ਕਰਦਿਆਂ, ਅੱਤਵਾਦੀਆਂ ਪੁਲਿਸ ਲਾਈਨ ਵਿੱਚ ਦਾਖਲ ਹੋ, ਉਸਦੇ ਘੇਰੇ ਬੰਦ ਨਿਵਾਸ ਵਿੱਚ ਦਾਖਲ ਹੋ, ਉਸ ਤੇ ਗੋਲੀਆਂ ਚਲਾਈਆਂ। ਚੰਗੀ ਕਿਸਮਤ ਨਾਲ ਉਹ ਬਚ ਗਿਆ ਪਰ ਉਸਦੀ ਸੁਪਤਨੀ ਜ਼ਖਮੀ ਹੋ ਗਈ ਹੈ। ਦੋਵੇਂ ਜੀ ਸੈਰ ਕਰ ਰਹੇ ਸਨ।

2. ਜਲੰਧਰ ਵਿੱਚ ਹੀ ਨਾਮਧਾਰੀ ਹਾਕੀ ਟੀਮ ਨੂੰ ਕਿਸੇ ਟੀਮ ਨਾਲ ਮੁਕਾਬਲੇ ਵਿੱਚ ਖੇਡਦਿਆਂ 5–2 ਤੇ ਜਿੱਤ ਪ੍ਰਾਪਤ ਹੋਈ ਹੈ।

3. ਅੱਜ ਦੀਆਂ ਅਖ਼ਬਾਰਾਂ ਵਿੱਚ, ਕੱਲ੍ਹ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਤੇ ਰਾਜਘਾਟ ਦੀਆਂ ਵਾੜੀਆਂ ਵਿੱਚ ਛੁਪ ਕੇ ਬੈਠੇ ਅੱਤਵਾਦੀ ਵਲੋਂ ਗੋਲੀਆਂ ਚਲਾਏ ਜਾਣ 'ਤੇ ਉਸਦੇ ਦੇਵਨੇਤ ਨਾਲ ਬਚ ਰਹਿਣ ਦੀ ਖ਼ਬਰ ਹੈ।

ਜਾਪਦਾ ਹੈ ਅੱਤਵਾਦੀ ਮੁੜ ਸੰਗਠਤ ਹੋ ਕੇ ਵੱਡੇ ਪੈਮਾਨੇ ਤੇ ਕੋਈ ਮੁਆਜਜ਼ਾ ਕਰਨਾ ਚਾਹੁੰਦੇ ਹਨ।

**ਥਾਈਲੈਂਡ ਤੋਂ ਪ੍ਰਾਪਤੀ –** ਇੱਕ ਜ਼ਿੰਮੇਵਾਰ ਵਿਅਕਤੀ ਤੋਂ ਮਾਲੂਮ ਹੋਇਆ ਹੈ ਕਿ ਬੀਤੇ ਦੌਰੇ ਵਿੱਚ ਥਾਈਲੈਂਡ ਦੀ ਸੰਗਤ ਵਲੋਂ ਹਰ ਪ੍ਰਕਾਰ ਦੀ ਰਕਮ 5 ਲੱਖ ਬਾਟ ਪ੍ਰਾਪਤ ਹੋਈ, ਜਿਸ ਵਿੱਚੋਂ 65000 ਅਵਤਾਰ ਸਿੰਘ ਘੁੰਮਣ ਹੁਰਾਂ ਨੂੰ ਸਿੰਘਾਪੁਰ ਜਾਂਦਿਆਂ ਦਿੱਤੇ ਗਏ ਅਤੇ 30000 ਹੰਸਪਾਲ ਹੁਰੀਂ ਲੈ ਗਏ। ਇਹ ਵੀ ਆਪਣੀ ਪਤਨੀ ਨਾਲ ਸਿੰਘਾਪੁਰ ਹੀ ਗਏ।

**4 ਅਕਤੂਬਰ 1986, ਸ਼ਨੀਵਾਰ**
**ਸ੍ਰੀ ਭੈਣੀ ਸਾਹਿਬ**

**ਸਤਿਗੁਰੂ ਬਿਲਾਸ ਬਾਰੇ –** ਨਾਮਧਾਰੀ ਪੰਥ ਦੇ ਪ੍ਰਥਮ ਲੇਖਕ ਤਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹੀ ਸਨ। ਪਰ ਗੁਰੂ ਹਰੀ ਸਿੰਘ ਜੀ ਦੇ ਸਮੇਂ ਭਾਈ ਸੰਤੋਖ ਸਿੰਘ ਨਾਮੀ ਇੱਕ ਵਿਅਕਤੀ ਨੇ, ਜੋ ਅੰਮ੍ਰਿਤ ਵੇਲੇ ਉੱਠ ਸਕੇਸ਼ ਇਸ਼ਨਾਮ ਕਰ, ਦੀਵਾਨ ਵਿੱਚ ਜਾ ਆਸਾ ਦੀ ਵਾਰ ਸੁਣ, ਆਪਣਾ ਨਿਜੀ ਨਿਤਨੇਮ ਕਰ, ਢਾਈ ਮਾਲਾ ਭਜਨ ਦੀਆਂ ਫੇਰ, ਗੁਰੂ ਕੇ ਅਸਤਬਲਾਂ ਦੇ ਘੋੜਿਆਂ ਦੀ ਲਿੱਦ ਸੁੱਟ, ਫੇਰ ਨਾਮਧਾਰੀ ਸਿੰਘਾਂ ਤੋਂ ਸੁਣੇ ਬਚਨ ਅਤੇ ਅੱਖੀਂ ਵੇਖੇ ਹਾਲਾਤ ਅਤੇ ਨਿਤ ਪ੍ਰਾਪਤ ਦੀਆਂ ਗੱਲਾਂ ਲਿਖ ਲਿਆ ਕਰਦਾ ਸੀ, ਉਹਦੀ ਲਿਖਤ ਨਾਮਧਾਰੀ ਸੰਗਤ ਲਈ ਵਧੇਰੇ ਅਹਿਮੀਅਤ ਰੱਖਦੀ ਹੈ। ਇਸ ਤੋਂ ਸਾਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖ਼ਸੀਅਤ, ਉਸ ਵੇਲੇ ਦੇ ਹਾਲਾਤ ਤੇ ਵੱਖ–ਵੱਖ ਚਰਿਚਤ ਵਿਅਕਤੀਆਂ ਦਾ ਪਤਾ ਲੱਗਦਾ ਹੈ।

ਪਰ ਲੇਖਕ ਕੋਈ ਸਕੂਲੀ ਪੜ੍ਹਾਈ ਵਾਲਾ ਜਾਂ ਪੇਸ਼ੇ ਦੇ ਤੌਰ 'ਤੇ ਲੇਖਕ ਨਹੀਂ ਸੀ, ਪਰ ਉਸਦੇ ਉੱਦਮ ਨੇ, ਗੱਲਾਂ ਤੇ ਵਾਕਿਆ ਲਿਖ ਸੰਭਾਲਣ ਨੇ ਉਸਨੂੰ ਲੇਖਕ ਬਣਾ ਦਿੱਤਾ। ਉਹ ਇਤਿਹਾਸਕਾਰ ਤਾਂ ਨਹੀਂ ਸੀ ਪਰ ਉਸਦੀ ਮਿਹਨਤ ਤੇ ਲਿਖਤ ਨੇ ਇਤਿਹਾਸਕਾਰਾਂ ਲਈ ਅਸਲੋਂ ਸਮਗਰੀ ਉਪਲਬਧ ਕਰਾ ਦਿੱਤੀ। ਉਸਨੇ ਕਈ ਘਟਨਾਵਾਂ ਨੂੰ ਦੋ–ਦੋ, ਤਿੰਨ–ਤਿੰਨ ਵਾਰ ਲਿਖ ਦਿੱਤਾ। ਮੈਥੋਂ ਸੁਣੀ ਵੀ ਲਿਖ ਦਿੱਤੀ, ਤੁਹਾਥੋਂ ਸੁਣੀ ਵੀ ਸੰਭਾਲ ਲਈ। ਮੇਰੇ ਤੁਹਾਡੇ ਕਹਿਣ ਦਾ ਅੰਤਰ ਆ ਗਿਆ ਤੇ ਬਾਅਦ ਵਿੱਚ ਦੁਹਰਾਉ ਤੇ ਭਰਮ ਉਤਪਨ ਹੁੰਦੇ ਗਏ।

ਭਾਈ ਸੰਤੋਖ ਸਿੰਘ ਨੇ ਗੁਰੂ ਹਰੀ ਸਿੰਘ ਜੀ ਦਾ ਸਮਾਂ

ਭੈਣੀ ਸਾਹਿਬ ਵਿੱਚ ਹੀ ਹੰਢਾਇਆ ਹੈ। ਏਥੇ ਹੀ ਉਹ 45-50 ਸਾਲ ਦੀ ਉਮਰੇ ਪੂਰਾ ਹੋ ਗਿਆ। ਉਸਦੀ ਹੱਥ ਲਿਖਤ ਕਾਪੀ ਤੋਂ ਟਾਈਪ ਕਰਕੇ ਕੁਛ ਕਾਪੀਆਂ ਹੈੱਡ ਕੁਆਰਟਰ ਵਿੱਚ ਰੱਖੀਆਂ ਹੋਈਆਂ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇੱਛਾ ਹੈ ਕਿ ਉਸ ਲੇਖਕ ਦੀ ਮਿਹਨਤ ਸਕਾਰਥੀ ਹੋਵੇ, ਅਰਥਾਤ ਛਪ ਕੇ ਪੁਸਤਕਾਂ ਖੋਜੀਆਂ, ਪਾਠਕਾਂ ਦੇ ਹੱਥਾਂ ਵਿੱਚ ਹੋਣ।

ਉਸਦੀ ਕਥਾ ਭਾਵੇਂ ਨਾਮਧਾਰੀ ਸੰਗਤ ਵਿੱਚ, ਸ੍ਰੀ ਭੈਣੀ ਸਾਹਿਬ ਵਿਖੇ ਹਰ ਸਾਲ ਹੁੰਦੀ ਹੈ ਪਰ ਉਸਦਾ ਦੁਹਰਾਉ, ਅਧੂਰੇ ਅਟਕਵੇਂ ਫਿਕਰੇ ਕਈ ਵਾਰ ਗੱਲ ਨੂੰ ਸਮਝਣ ਨਹੀਂ ਦਿੰਦੇ ਅਤੇ ਪ੍ਰਸੰਗਾਂ ਦੀ ਆਰੰਭ-ਪਿਛੇਤ ਤਾਂ ਬਹੁਤ ਰੜਕਦੀ ਹੈ। ਸਾਨੂੰ ਆਗਿਆ ਹੋਈ ਕਿ ਅਸੀਂ ਲੇਖਕ ਦੇ ਆਸ਼ੇ, ਸ਼ਬਦਾਂ, ਭਾਵਾਂ ਨੂੰ ਬਦਲੇ ਬਿਨਾਂ, ਇੱਕ ਤਾਂ ਦੁਹਰਾਉ ਖ਼ਤਮ ਕਰੀਏ, ਦੂਜੇ ਉਹ ਕਾਲਕ੍ਰਮ ਅਨੁਸਾਰ ਤਰਤੀਬ ਦੇਈਏ, ਤੀਜੇ ਜਿੱਥੇ ਗੱਲ ਸਪੱਸ਼ਟ ਨਾ ਹੁੰਦੀ ਹੋਵੇ ਯਥਾ ਪ੍ਰਸੰਗ ਤੇ ਭਾਵ ਅਨੁਸਾਰ ਉਸ ਵਿੱਚ ਇੱਕ ਦੋ ਸ਼ਬਦ ਜੋੜ ਕੇ ਸਪੱਸ਼ਟਤਾ ਪ੍ਰਦਾਨ ਕਰੀਏ।

ਇਸ ਕਾਰਜ ਲਈ ਉਸਦੀ ਅਗਵਾਈ ਮੈਨੂੰ, ਕਾਲਕ੍ਰਮ ਆਦਿ ਦੀ ਜ਼ਿੰਮੇਵਾਰੀ ਸ. ਜਸਵਿੰਦਰ ਸਿੰਘ ਸ਼ਕੂਰ ਬਸਤੀ, ਦਿੱਲੀ ਨੂੰ (ਕਿਉਂਕਿ ਆਰਕਾਈਵਜ਼ ਨਾਲ ਸੰਬੰਧਤ ਦਸਤਾਵੇਜ਼ਾਂ ਦੀ ਜਾਣਕਾਰੀ ਉਸਨੂੰ ਹੈ ਅਤੇ ਉਸਨੇ ਇਤਿਹਾਸ ਨਾਲ ਸੰਬੰਧਤ ਕਾਫੀ ਕੰਮ ਕੀਤਾ ਹੈ), ਸਹਾਇਕ ਦੇ ਤੌਰ 'ਤੇ ਅਤੇ ਆਮ ਜਾਣਕਾਰੀ ਦੇ ਰੂਬਰੂ ਮਾ. ਨਿਹਾਲ ਸਿੰਘ ਜੀ ਪੰਥ ਰਤਨ ਤੇ ਚੌਥੇ ਸਤਿਜੁਗ ਦੇ ਸੰਪਾਦਕ ਸੰਤ ਆਤਮਾ ਸਿੰਘ ਸਨਖੱਤਰਾ ਨੂੰ ਲਾ ਕੇ ਇਸ ਕਾਰਜ ਨੂੰ ਤਰਤੀਬਣ ਦਾ ਕੰਮ ਦਿੱਤਾ ਗਿਆ। ਸ੍ਰੀ ਸਤਿਗੁਰੂ ਜੀ ਨੇ ਮੈਨੂੰ ਵਿਸ਼ੇਸ਼ਕਰ ਪੁਸਤਕ ਦੀ ਸਵੱਛਤਾ, ਸ਼ੁੱਧਤਾ ਤੇ ਭਾਵਨਾਤਮਕਤਾ ਨੂੰ ਬਰਕਰਾਰ ਰੱਖਣ ਲਈ ਜ਼ਿੰਮੇਵਾਰ ਕੀਤਾ।

ਸਾਡੇ ਵਿੱਚੋਂ ਮੈਂ ਅਤੇ ਜਸਵਿੰਦਰ ਸਿੰਘ ਨੇ ਸਾਰੇ ਖਰੜੇ ਨੂੰ ਵੇਖਿਆ ਵਿਚਾਰਿਆ, ਮਾ. ਨਿਹਾਲ ਸਿੰਘ ਜੀ ਥੋੜ੍ਹਾ ਸਮਾਂ ਨਹੀਂ ਵੀ ਦੇ ਸਕੇ ਅਤੇ ਸਨਖਤਰਾ ਜੀ ਨੇ ਘੱਟ ਤੋਂ ਘੱਟ ਸਮਾਂ ਦਿੱਤਾ। ਤਾਂ ਵੀ ਅਸੀਂ ਚਾਰੇ ਹੀ ਇਸ ਕਾਰਜ ਨੂੰ ਸਰੰਜਾਮ ਦੇਣ ਵਾਲੇ ਸਾਂ।

ਅਗਲੇ ਦਿਨਾਂ ਵਿੱਚ ਅਸਾਂ 8-8 ਘੰਟੇ ਰੋਜ਼ਾਨਾ ਕਾਰਜ ਕੀਤਾ। ਇਸ ਲਈ ਸਾਡਾ ਸਮਾਂ ਸਵੇਰੇ 5 ਤੋਂ ਸ਼ੁਰੂ ਹੋ ਕੇ 10 ਵਜੇ ਤੱਕ ਫੇਰ 2 ਤੋਂ 5 ਤੱਕ ਨਿਰਧਾਰਤ ਸੀ ਪਰ ਕਈ ਵਾਰ ਸਮੇਂ ਦੀ ਲੋੜ ਅਨੁਸਾਰ ਕੁਛ ਅਗੇਤ ਪਿਛੇਤ ਵੀ ਹੋ ਜਾਂਦਾ ਰਿਹਾ। ਸੋ ਸ੍ਰੀ ਸਤਿਗੁਰੂ ਜੀ ਦੀ ਸੰਗਤ ਦੀਵਾਨ ਵਿੱਚ ਹਾਜ਼ਰੀ ਵੀ ਸਾਡੀ ਬਹੁਤ ਘੱਟ ਰਹੀ, ਖ਼ਾਸ ਕਰ ਅਸਾਂ ਪਹਿਲੇ ਦੋਹਾਂ ਦੀ।

ਸੋ ਜਿਸ ਦਿਨ ਦਾ ਮੈਂ ਸ੍ਰੀ ਭੈਣੀ ਸਾਹਿਬ ਪੁੱਜਾ ਹਾਂ, ਇਸੇ ਸਿਲਸਿਲੇ ਵਿੱਚ ਕਾਰਜਰਤ ਹਾਂ ਤੇ ਅਗਲੇ ਦਿਨ ਰਹਾਂਗੇ।

**ਡਾ. ਰਮਨ ਦੇ ਘਰ ਦੀ ਚੱਠ –** ਭੈਣੀ ਸਾਹਿਬ ਦੀ ਪਤਲੀ ਗਲੀ, ਸਤਿਗੁਰੂ ਰਾਮ ਸਿੰਘ ਮੰਦਰ ਨਾਲ, ਗਲੀਓਂ ਪਾਰ ਡਾ. ਰਮਨ ਦੀ ਕਲੀਨਿਕ ਹੈ। ਸਾਰਾ ਭੈਣੀ ਸਾਹਿਬ ਇਸ ਤੋਂ ਲਾਭਾਨਵਿਤ ਹੈ। ਇਸ ਦਾ ਗੁਰੂ ਘਰ ਨਾਲ ਵੀ ਕਾਫੀ ਸਨੇਹ ਹੈ ਅਤੇ ਆਮ ਕਰਕੇ ਨਿੱਕੀਆਂ ਮੋਟੀਆਂ ਚਾਲੂ ਮਰਜ਼ਾਂ ਦਾ ਇਹੋ ਇਲਾਜ ਕਰਦਾ ਹੈ। ਇਸ ਨੇ ਭੈਣੀ ਸਾਹਿਬ ਕਟਾਣੀ ਰੋਡ ਤੇ ਨਾਂਗੇ ਵਾਲੇ ਖੂਹ ਦੇ ਨੇੜੇ ਆਪਣੇ ਇੱਕ ਦੋ ਛੱਤਾ ਮਕਾਨ ਤਾਮੀਰ ਕਰਵਾਇਆ ਹੈ। ਨਾਮਧਾਰੀ ਸੰਗਤ ਤੋਂ ਅਖੰਡ ਪਾਠ ਕਰਵਾਕੇ ਅੱਜ ਭੋਗ ਦੇ ਸਮੇਂ ਸ੍ਰੀ ਸਤਿਗੁਰਾਂ ਦੇ ਦਰਸ਼ਨ ਅਤੇ ਚਰਨ ਘਰ ਪੁਆਏ ਹਨ। ਕੁਛ ਛਕਣ ਛਕਾਣ ਵੀ ਸਾਧ ਸੰਗਤ ਲਈ ਹੋ ਗਿਆ।

**ਉਸਾਰੀ –** ਆਓ ਭਗਤ ਬਿਲਡਿੰਗ ਦੇ ਪਿਛਵਾੜੇ ਇੱਕ ਬੋਰ ਹੋਰ ਕਰਵਾਣਾ ਸ਼ੁਰੂ ਹੋਇਆ, 6 ਇੰਚ ਤੋਂ ਵੱਧ ਦਾ।

**ਨਵੀਂ ਆਮਦ –** ਬੀਤੀ ਰਾਤ ਸੰਤ ਨਗਰ (ਸਿਰਸਾ) ਤੋਂ ਇੱਕ ਲਾਂਗਰੀਆਂ ਦਾ ਜਥਾ ਆਇਆ ਨਿਤਨੇਮ ਵਿੱਚ ਸ਼ਾਮਲ ਹੋਣ ਵਾਸਤੇ ਕੁਛ ਮਾਈਆਂ ਵੀ ਆਈਆਂ। ਦਿੱਲੀ ਤੋਂ ਠਾਕਰ ਸ਼ਮਸ਼ੇਰ ਸਿੰਘ ਜੀ ਸਮੇਤ ਪਰਿਵਾਰ, ਸੰਤ ਬਲਵੰਤ ਸਿੰਘ ਬਾਲੀ ਨਗਰ ਦਿੱਲੀ ਸਮੇਤ ਪਤਨੀ ਅਤੇ ਸੰਤ ਸੁਖਦਰਸ਼ਨ ਸਿੰਘ ਸਰਸਵਤੀ ਗਾਰਡਨ ਵਾਲੇ ਵੀ ਗੁਰੂ ਕੇ ਦਰਸ਼ਨਾਂ ਵਾਸਤੇ ਆਏ ਹਨ।

**ਦੀਵਾਨ ਵਿੱਚ ਦਰਸ਼ਨ –** ਅਸੀਂ ਕਥਾ ਸਮੇਂ ਹੀ ਹਰੀ ਮੰਦਰ ਵਿੱਚ ਜਾ ਕੇ ਅੱਜ ਦਰਸ਼ਨ ਕਰ ਸਕੇ। ਸ੍ਰੀ ਸਤਿਗੁਰੂ ਜੀ ਸਿਹਤ ਵਲੋਂ ਤਿਆਰ ਬਰ ਤਿਆਰ, ਬੱਗੇ ਮੁਛਹਿਰਿਆਂ ਅਤੇ ਦਾੜ੍ਹੇ ਵਿਚਾਲੇ ਠੰਢੀ ਦੇ ਦਾਗਾਂ ਨਾਲ ਫਬਦਾ ਲਾਲ ਬਿੰਬ ਚਿਹਰਾ ਆਕਰਸ਼ਕ ਲੱਗਦਾ ਹੈ। ਆਪ ਜੀ ਦੇ ਆਸਣ 'ਤੇ ਅੱਜ ਦੋ ਚੀਜ਼ਾਂ ਨਵੀਆਂ ਵੇਖੀਆਂ। ਇੱਕ ਤਾਂ ਪਹਿਲਾਂ ਸ੍ਰੀ ਸਤਿਗੁਰੂ ਜੀ ਦੀ ਵਰਤੋਂ ਲਈ ਇਲੈਕਟ੍ਰਾਨਿਕ ਜੇਬੀ ਘੜੀ ਆਇਤਾਕਾਰ ਸੀ, ਜਿਸਦਾ ਢੱਕਣ ਦੋਹੀਂ ਪਾਸੀਂ ਖੁੱਲ੍ਹ ਜਾਂਦਾ ਸੀ। ਉਸਦੀ ਥਾਂ ਚਾਂਦੀ ਦੀ ਗੋਲ ਘੜੀ ਢੱਕਣ ਵਾਲੀ ਵੇਖਣ ਨੂੰ ਮਿਲੀ। ਦੂਜੇ ਪਹਿਲਾਂ ਛੋਟੀਆਂ ਸਲਿਪ ਕਾਪੀਆਂ, ਨਿਤਨੇਮ ਸਮੇਂ, ਸਕੱਤਰ ਜਾਂ ਕਿਸੇ ਹੋਰ ਨੂੰ ਕੁਛ ਦੱਸਣ ਜਾਂ ਪੁੱਛਣ ਲਈ ਮਿਲੀਆਂ ਜਾਂਦੀਆਂ ਸਨ, ਅੱਜ ਦੋ ਡੇਢ ਇੰਚ ਮੋਟਾ ਚੌਰਸ ਕਾਗਜ਼-ਪੈਡ ਵਰਤੋਂ ਵਿੱਚ ਆ ਰਿਹਾ ਸੀ।

**ਚਲਦਾ........**

# A Saga Of
# Sri Satguru Jagjit Singh Ji



**Dr. Sharada Jayagovind**

The early years were full of challenges and Namdhari Farms was not built in a day. It is a story of grit and the blessings of the visionary Guru, who knew that one day the farm would flourish to gain national and international acclaim. It is remarkable that within a couple of years, Satguru Jagjit Singh ji's prediction came true.

In the initial years of establishing Namdhari Farms, Patsha ji used to visit Lalbagh and the Indian Institute of Horticultural Research (IIHR), Hebbal, Bangalore, to consult experts on crops which could be grown successfully in Namdhari Farms. Patsha ji was always a keen learner. He would discuss with scientists such as Dr. G. S. Randhawa and Dr. K. L. Chaddha, former directors of IIHR, Bangalore, and Dr. Dutta, vegetable scientist, about innovations in the field of horticulture and agriculture. The first crop cultivated in Namdhari Farms was sugarcane.

Thakur Uday Singh ji readily implemented the innovative ideas suggested by Patsha ji and the scientists.

In the 1980s, Namdhari Farms started cultivating seedless grapes on the advice of B. Gopal, horticulturist, Lalbagh, Bangalore. It was a great success and Satguru Jagjit Singh ji wished to share this experience with the farmers from Punjab and Haryana.

Satguru Uday Singh ji reflects upon the incident:

"Satguru Jagjit Singh ji brought farmers from Punjab and Haryana to Uragahalli, Bidadi, to show them how they had grown the seedless grapes in Namdhari Farms.

The farmers were happy to see the vines laden with large bunches of grapes. They praised Satguru ji for accomplishing a wonderful miracle on the barren land.

Satguru ji quoted from Bhagat Kabir:

ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਹਿਗੇ ਨਾ ਕਰਿ ਸਕੈ ਸਰੀਰੁ ॥

Kabir na ham kia na karhige na kar sakai sarir

Kabeer, I have not done anything; I shall not do anything; my body cannot do anything.

ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥

Kia jano kich har kia baio Kabir Kabir

I do not know what the Lord has done, but they praise Kabeer.

Satguru ji did not claim any credit for himself. He attributed all the success to God Almighty.

Then Satguru ji himself distributed the fruits to the farmers and asked them:

"Are you happy to have seen the farm and eaten the sweet grapes?"

Everyone answered:

"We are very happy."

Satguru ji quoted from the Gurbani:

ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥

Dhaehu Sajan Aseesarreeaa Jio Hovai Saahib Sio Mael

My friends, give me your blessings, that I may merge with my Lord and Master.

Satguru Jagjit Singh ji told the farmers :

"If all of you are happy, do me a favour. Bless me that I have a meeting with the Almighty God."

This episode illustrates Patsha ji's humility and shows that his mind always dwelt on spiritual matters and divinity.

Mango, the king among fruits, attracted Patsha ji, the king among men. Under Patsha ji's guidance, varieties of mangoes from all over India were planted on the farms. When Patsha ji visited Thailand and other countries, he collected the saplings from there and the exotic mangoes were grown in Namdhari Farms. During the mango season, Patsha ji would definitely be in Bangalore. He would make sure that his childhood friends and devotees from Punjab, Bangkok or London would join him. He loved to harvest the ripe mangoes, cut them himself and feed his near and dear ones. Satguru Uday Singh ji fondly remembers:

"Patsha ji had a unique way of cherishing and sharing the good things of life with others."

It was in 1985 that Namdhari Farms entered the hybrid seed production sector in a small way. Patsha ji supported and encouraged it as he was always forwardlooking. The phenomenal growth of Namdhari Farms in hybrid seed production can be attributed to the untiring efforts of Satguru Uday Singh ji.

Initially, the Hollar Seeds company and the Campbell Soup Company, USA, placed a trial order for hybrid seeds for a few thousand dollars. Under the expert guidance of Dr. O. P. Dutta, the first order was completed successfully. This led to bigger orders and within seven years of hard work, Namdhari Seeds Pvt. Ltd. reached great heights in contract production of vegetable and flower seeds. In 1992, the company entered the Indian market. Since then, it has been growing steadily from strength to strength.

Today, Namdhari Farms produces seeds on a commercial scale in open fields as well as in greenhouses. It has a nation-wide network for seed production that produces different crops ideally suited to specific climatic conditions.

Simultaneously, the company also started research and development work with professionals to develop hybrids in major vegetable crops. The company has a global presence and exports seeds to countries all over the world.

*To be continued......*

# ਖ਼ਬਰਨਾਮਾ

## ਆਨ-ਲਾਈਨ ਵਾਰਸ਼ਿਕ ਵਿਦਿਅਕ ਸੰਮੇਲਨ 2021

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦਾ 2021 ਦਾ ਵਾਰਸ਼ਿਕ ਵਿਦਿਅਕ ਸੰਮੇਲਨ ਕੋਰੋਨਾ ਮਹਾਂਮਾਰੀ ਦੇ ਚਲਦੇ ਬੜੇ ਹੀ ਵਿਲੱਖਣ ਢੰਗ ਨਾਲ ਮਿਤੀ 6 ਜੂਨ ਤੋਂ ਲੈਕੇ 10 ਜੁਲਾਈ ਤੱਕ ਚੱਲ ਕੇ ਸਫ਼ਲਤਾ ਨਾਲ ਸੰਪੰਨ ਹੋਇਆ।

**ਤਿਆਰੀਆਂ ਅਤੇ ਰੂਪ ਰੇਖਾ**

ਜੂਨ ਦਾ ਮਹੀਨਾ ਗਰਮੀ ਅਤੇ ਸਕੂਲਾਂ 'ਚ ਛੁੱਟੀਆਂ ਦੇ ਨਾਲ-ਨਾਲ ਨਾਮਧਾਰੀ ਪੰਥ 'ਚ ਵਿਦਿਅਕ ਸੰਮੇਲਨ ਲਈ ਮਸ਼ਹੂਰ ਹੈ। ਗੱਲ ਵੱਖਰੀ ਹੈ ਕਿ ਕਰੋਨਾ ਦੇ ਚਲਦੇ ਭਾਵੇਂ ਦੁਨੀਆ ਭਰ 'ਚ ਸਕੂਲ ਪਿਛਲੇ ਡੇਢ ਵਰ੍ਹੇ ਤੋਂ ਬੰਦ ਹੀ ਹਨ ਅਤੇ ਪੜ੍ਹਾਈ ਆਨ-ਲਾਈਨ ਹੀ ਚਲਦੀ ਹੈ।

ਇਕੱਠ ਦੀਆਂ ਪਾਬੰਦੀਆਂ ਨੂੰ ਧਿਆਨ ਵਿੱਚ ਰੱਖਦਿਆਂ ਵਿਦਿਅਕ ਜਥੇ ਦੀ ਕੇਂਦਰੀ ਕਮੇਟੀ ਦੇ ਸੇਵਾਦਾਰਾਂ ਇਸ ਵਾਰ ਆਨ-ਲਾਈਨ ਸੰਮੇਲਨ ਕਰਨ ਬਾਰੇ ਵਿਚਾਰ ਕੀਤੀ ਅਤੇ ਹਜ਼ੂਰ ਪਾਤਸ਼ਾਹ ਜੀ ਦੇ ਮਈ ਮਹੀਨੇ ਦੇ ਅਖੀਰ 'ਚ ਭੈਣੀ ਸਾਹਿਬ ਦਰਸ਼ਨ ਦਿੰਦਿਆ ਹੀ ਇਸ ਸੰਮੇਲਨ ਲਈ ਅਰਜ਼ ਕੀਤੀ। ਸਤਿਗੁਰੂ ਜੀ ਨੇ ਅਰਜ਼ ਪ੍ਰਵਾਨ ਕਰਦਿਆਂ ਕੇਂਦਰੀ ਕਮੇਟੀ ਨਾਲ ਜ਼ੂਮ ਮੀਟਿੰਗ ਵਿਚ ਦਰਸ਼ਨ ਦੇ ਕੇ ਦਿਸ਼ਾ-ਨਿਰਦੇਸ਼ ਦੇਣ ਦੀ ਕਿਰਪਾ ਕੀਤੀ। ਹਰਪਾਲ ਸਿੰਘ, ਗੁਰਦੇਵ ਸਿੰਘ ਚੀਮਾ, ਹਰਕੀਰਤ ਸਿੰਘ ਹਾਜ਼ਰ ਹੋਏ। ਸੁਖਵਿੰਦਰ ਸਿੰਘ, ਗੁਰਮੀਤ ਚਾਨਾ, ਡਾ. ਪੁਸ਼ਪਿੰਦਰ ਸਿੰਘ ਕੂਕਾ, ਹਰਪ੍ਰੀਤ ਸਿੰਘ, ਬੀਬੀ ਲਖਵਿੰਦਰ ਕੌਰ, ਰਤਨ ਕੌਰ, ਜਯੋਤਸਨਾ ਸਿਮਤੇਸ਼ਵਰ, ਅਮਨਦੀਪ ਕੌਰ, ਡਾ. ਕਮਲਦੀਪ ਕੌਰ ਜ਼ੂਮ ਰਾਹੀਂ ਮੀਟਿੰਗ 'ਚ ਸ਼ਾਮਲ ਹੋਏ। ਸਤਿਗੁਰੂ ਜੀ ਦੇ ਦਿਸ਼ਾ-ਨਿਰਦੇਸ਼ ਅਤੇ ਸਾਰੇ ਵਿਚਾਰ-ਵਟਾਂਦਰੇ ਉਪਰੰਤ ਸੰਮੇਲਨ ਦੀ ਸਾਰੀ ਰੂਪ ਰੇਖਾ ਤਿੰਨ ਹਿੱਸਿਆ 'ਚ ਵੰਡੀ ਗਈ।

**ਪਹਿਲਾ ਮੁਕਾਬਲੇ**

ਇਸ ਵਾਰ ਦੇ ਹੋਣ ਵਾਲੇ ਸੰਮੇਲਨ ਦੇ ਵੱਖ-ਵੱਖ ਵਰਗਾਂ ਦੇ ਸਾਰੇ ਮੁਕਾਬਲੇ 6 ਜੂਨ ਤੋਂ 10 ਜੁਲਾਈ ਤੱਕ ਚੱਲਣੇ ਤੈਅ ਹੋਏ ਕਿਉਂਕਿ ਸਿਖਿਆਰਥੀਆਂ ਨੇ ਹਰ ਮੁਕਾਬਲੇ ਦੀ ਵੀਡਿਓ ਬਣਾ ਕੇ ਭੇਜਣੀ ਸੀ ਅਤੇ ਹਰ ਮੁਕਾਬਲੇ ਦੀ ਵੀਡਿਓ ਆਉਣ 'ਚ ਡਾਊਨਲੋਡ ਹੋਣ 'ਚ ਅਤੇ ਵਿਦਿਅਕ ਜਥੇ ਦੇ ਪੇਜ 'ਤੇ ਅਪਲੋਡ ਕਰਨ ਲਈ 2-3 ਦਿਨ ਦਾ ਅੰਤਰਾਲ ਚਾਹੀਦਾ ਸੀ। ਇਸੇ ਰੂਪ-ਰੇਖਾ ਦੇ ਹਿਸਾਬ ਸਿਰ ਸਬ ਜੂਨੀਅਰ, ਜੂਨੀਅਰ, ਸੀਨੀਅਰ, ਵਿਸ਼ੇਸ਼ ਵਰਗ ਅਤੇ ਓਪਨ ਗਰੁੱਪਾਂ 'ਚ ਭਾਸ਼ਣ, ਕਵਿਤਾ, ਕਵੀਸ਼ਰੀ, ਸ਼ੁੱਧ ਗੁਰਬਾਣੀ, ਸੁੰਦਰ ਲਿਖਾਈ, ਰਹਿਤਨਾਮਾ, ਅਰਦਾਸ, ਲਿਖਤੀ ਇਤਿਹਾਸਕ, ਸਵਾਲ-ਜਵਾਬ , ਰੰਗੋਲੀ, ਕੁਕਿੰਗ, ਫੋਟੋਗ੍ਰਾਫੀ, ਸਤਰਾਵਾ ਐਪ ਰਾਹੀਂ ਸੈਕਿਲਿੰਗ, ਯੋਗਾ, ਦਸਤਾਰ, ਤਬਲਾ, ਢੋਲਕੀ, ਗਾਇਨ ਅਤੇ ਤੰਤੀ ਸਾਜ਼ ਵਾਦਨ ਆਦਿ ਮੁਕਾਬਲੇ ਕਰਵਾਏ ਗਏ। ਆਨ-ਲਾਈਨ ਪਾਰਟੀਸਿਪੇਸ਼ਨ ਹੋਣ ਕਰਕੇ ਵਿਸ਼ਵ ਭਰ 'ਚ ਵੱਸਦੇ ਹਰ ਵਰਗ ਦੇ 2000 ਦੇ ਕਰੀਬ ਨਾਮਧਾਰੀ ਸਿਖਿਆਰਥੀਆਂ ਨੇ ਇਹਨਾਂ ਪ੍ਰਤਿਯੋਗਿਤਾਵਾਂ 'ਚ ਉਤਸਾਹ ਨਾਲ ਹਿੱਸਾ ਲਿਆ।

**ਦੂਸਰਾ ਜ਼ੂਮ ਰਾਹੀਂ ਹਾਜ਼ਰੀ ਅਤੇ ਵਿਚਾਰ ਵਟਾਂਦਰੇ**

ਮਿਤੀ **6 ਜੂਨ 2021** ਦਿਨ ਐਤਵਾਰ ਹਰੀ ਮੰਦਰ ਸ੍ਰੀ ਭੈਣੀ ਸਾਹਿਬ ਸਵੇਰੇ ਅੰਮ੍ਰਿਤ ਵੇਲੇ 3.30 ਹਜ਼ੂਰੀ ਰਾਗੀ ਜਥੇ ਦੁਆਰਾ ਆਸਾ ਦੀ ਵਾਰ ਦਾ ਕੀਰਤਨ ਕੀਤਾ ਗਿਆ। ਜ਼ੂਮ ਮੀਟਿੰਗ ਦੇ ਮਧਿਅਮ ਰਾਹੀਂ ਦੇਸ਼-ਵਿਦੇਸ਼ ਤੋਂ ਭਾਰੀ ਗਿਣਤੀ ਵਿੱਚ ਪ੍ਰੋਗਰਾਮ ਦੇ ਨਾਲ ਸਿੱਧੇ ਜੁੜ ਗਏ। ਹਰੀ ਮੰਦਰ 'ਚ ਲਗੀ ਵੱਡੀ ਸਕਰੀਨ 'ਤੇ ਇਹਨਾਂ ਦੀ ਹਾਜ਼ਰੀ ਦੇਖਣ ਦਾ ਪ੍ਰਬੰਧ ਸੀ। ਨੌਜਵਾਨਾਂ ਦੁਆਰਾ ਰੋਜ਼ ਦੀ ਹਾਜ਼ਰੀ ਲਾਉਣ ਲਈ ਬਣਾਏ ਗਏ ਵਿਦਿਅਕ ਜਥੇ ਦੀ ਸਾਈਟ 'ਤੇ ਫੋਰਮ ਦੁਆਰਾ ਦੇਸ਼ ਵਿਦੇਸ਼ 'ਚ 2200 ਤੋਂ ਵੱਧ ਰਜਿਸਟਰ ਹੋ ਚੁੱਕੇ ਸਨ।

ਜ਼ੂਮ ਤੋਂ ਇਲਾਵਾ ਯੂ-ਟਿਊਬ ਅਤੇ ਨਾਮਧਾਰੀ ਐਪ ਰਾਹੀਂ ਯੂਥ ਸਾਧ ਸੰਗਤ ਨਾਲ ਜੁੜਿਆ ਹੋਇਆ ਸੀ। ਇਸ ਸਾਰੇ ਤਕਨੀਕੀ ਪ੍ਰਬੰਧਨ ਦੀ ਕਮਾਂਡ ਕਰਨਪਾਲ ਜੀ ਦੀ ਟੀਮ ਹਰਕੀਰਤ ਸਿੰਘ, ਬੰਤਾ ਸਿੰਘ ਹੁਰਾਂ ਸੰਮੇਲਨ ਆਰੰਭ ਹੋਣ ਤੋਂ ਪਹਿਲਾਂ ਸੁੱਚਜੇ ਢੰਗ ਨਾਲ ਕਰ ਲਈ ਸੀ।

ਆਸਾ ਦੀ ਵਾਰ ਉਪਰੰਤ ਹਰਪਾਲ ਸਿੰਘ ਦੇ ਮੰਚ ਸੰਚਾਲਨ ਨਾਲ ਭੂਮਿਕਾ ਬੰਨ੍ਹ ਸੰਮੇਲਨ ਦਾ ਆਰੰਭ ਸ੍ਰੀ ਭੈਣੀ ਸਾਹਿਬ ਦੀਆਂ ਸੰਗੀਤ ਸਿੱਖਿਆਰਥਣਾਂ ਲੜਕੀਆਂ ਦੁਆਰਾ ਸ਼ਬਦ ਗਾਇਨ ਨਾਲ ਹੋਇਆ। ਇਹਨਾਂ ਦੀ ਤਿਆਰੀ ਰਾਗੀ ਬਲਵੰਤ ਸਿੰਘ ਅਤੇ ਰਾਗੀ ਹਰਵਿੰਦਰ ਸਿੰਘ ਨੇ ਕਰਵਾਈ ਸੀ। ਉਦਘਾਟਨੀ ਸ਼ਬਦ ਉਪਰੰਤ ਹਾਜ਼ਰ ਕੇਂਦਰੀ ਸੇਵਾਦਾਰਾਂ

ਵਲੋਂ ਸਤਿਗੁਰੂ ਉਦੇ ਸਿੰਘ ਜੀ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਤੇ ਮਾਤਾ ਗੁਰਸ਼ਰਨ ਕੌਰ ਜੀ ਨੂੰ ਮਾਤਾ ਚੰਦ ਕੌਰ ਜੀ ਦੀ ਮਨ-ਮੋਹਕ ਤਸਵੀਰ ਭੇਂਟ ਕੀਤੀ ਗਈ।

ਸ੍ਰੀ ਸਤਿਗੁਰੂ ਜੀ ਨੇ ਸਦ-ਉਪਦੇਸ਼ ਰਾਹੀਂ ਸੰਮੇਲਨ ਦੇ ਆਰੰਭਤਾ ਅਤੇ ਸਫ਼ਲਤਾ ਦਾ ਅਸ਼ੀਰਵਾਦ ਬਖਸ਼ਿਸ਼ ਕੀਤਾ। 6 ਤਰੀਕ ਤੋਂ ਰੋਜ਼ਾਨਾ ਸਿਖਿਆਰਥੀ ਜ਼ੂਮ ਰਾਹੀਂ ਆਸਾ ਦੀ ਵਾਰ ਨਾਲ ਜੁੜਦੇ ਅਤੇ ਰੋਜ਼ਾਨਾ 4-5 ਸਿਖਿਆਰਥੀ ਵਾਰ ਉਪਰੰਤ 2-3 ਮਿੰਟ ਲਈ ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਦੇ ਕਿੱਸੇ ਪੜ੍ਹਾਈ ਕਰਦਿਆਂ, ਸਿੱਖੀ 'ਚ ਰਹਿਣ ਦੇ ਤਜਰਬੇ ਜਾਂ ਹੋਰ ਵਿਚਾਰ ਸੰਗਤ ਵਿੱਚ ਸਾਂਝੇ ਕਰਦੇ। ਇਹ ਪ੍ਰੋਗਰਾਮ ਪਹਿਲਾਂ 20 ਜੂਨ ਤੱਕ ਹੀ ਚੱਲਣਾ ਸੀ। ਪ੍ਰੰਤੂ ਕੋਰੋਨਾ-ਕਾਲ ਹੋਣ ਕਰਕੇ ਦਿੱਲੀ, ਹਰਿਆਣਾ, ਪੰਜਾਬ, ਹਿਮਾਚਲ ਦੇ ਨਾਲ-ਨਾਲ ਵਿਦੇਸ਼ਾਂ ਤੋਂ ਆਸਟ੍ਰੇਲੀਆ, ਥਾਈਲੈਂਡ, ਕਨੇਡਾ, ਅਮਰੀਕਾ, ਇੰਗਲੈਂਡ ਤੋਂ ਵੀ ਵੱਡੀ ਗਿਣਤੀ 'ਚ ਸਾਧ-ਸੰਗਤ ਰੋਜ਼ਾਨਾ ਵਾਰੀ ਸਿਰ ਆਪਣੇ ਵਿਚਾਰ ਸਾਂਝੇ ਕਰਦੀ। ਸਿੱਟੇ ਵਜੋਂ ਬਹੁਤ ਸਾਰੇ ਨਵੇਂ ਬੁਲਾਰੇ ਸੁਣਨ ਨੂੰ ਮਿਲੇ, ਇਹ ਸਾਰਾ ਪ੍ਰੋਗਰਾਮ ਬੜਾ ਪ੍ਰੇਰਨਾਤਮਕ ਸੀ। ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਜ਼ੂਮ ਵਾਲਾ ਇਹ ਪ੍ਰੋਗਰਾਮ ਪਹਿਲਾਂ 27 ਜੂਨ ਤੱਕ ਫੇਰ 4 ਜੁਲਾਈ ਤੱਕ ਵਧਾਇਆ ਗਿਆ। ਸਤਿਗੁਰੂ ਜੀ ਦੀ ਹੁਣ ਰਜ਼ਾ ਹੈ ਇਸ ਪ੍ਰੋਗਰਾਮ ਨੂੰ ਸ੍ਰੀ ਭੈਣੀ ਸਾਹਿਬ ਤੋਂ ਹਰ ਐਤਵਾਰ ਨੂੰ ਜਾਰੀ ਰੱਖਿਆ ਜਾਵੇ।

### ਤੀਸਰਾ- ਵੈਬੀਨਾਰ ਕਰਵਾਏ ਗਏ

ਮਿਤੀ **13 ਜੂਨ 2021** ਦਿਨ ਸ਼ਨੀਵਾਰ ਨੂੰ ਆਸਾ ਦੀ ਵਾਰ ਉਪਰੰਤ ਦੇ ਸਵੇਰ ਦੇ ਸੈਸ਼ਨ 'ਚ ਪਹਿਲਾ ਲੈਕਚਰ ਸੰਤ ਅਮਰੀਕ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਕੀਤਾ, ਜਿਸਦਾ ਵਿਸ਼ਾ- 'ਨਾਮ ਸਿਮਰਨ ਦੀ ਮਹੱਤਤਾ ਉਸਦੀ ਵਿਧੀ' 'ਤੇ ਅਧਾਰਤ ਸੀ। ਉਪਰੰਤ ਸੰਤ ਨਿਸ਼ਾਨ ਸਿੰਘ ਜੀ ਨੇ 'ਗੁਰਬਾਣੀ ਸਾਡੇ ਜੀਵਨ ਦਾ ਆਧਾਰ' ਵਿਸ਼ੇ 'ਤੇ ਵਡਮੁੱਲੀ ਜਾਣਕਾਰੀ ਸੰਗਤ ਅਤੇ ਸਿਖਿਆਰਥੀਆਂ ਨਾਲ ਸਾਂਝੀ ਕੀਤੀ। ਸੰਤਾਂ ਨੇ ਦੱਸਿਆ ਕਿ ਕਿਸ ਤਰਾਂ ਜੀਵਨ ਦੇ ਹਰ ਪਹਿਲੂ 'ਚ ਗੁਰਬਾਣੀ ਸਾਨੂੰ ਮਾਰਗ ਦਰਸ਼ਨ ਦਿੰਦੀ ਹੈ। ਸੰਤਾਂ ਦੇ ਵਖਿਆਨ ਬਾਅਦ ਸੰਗਤ ਨੇ ਜ਼ੂਮ ਐਪ ਰਾਹੀਂ ਸਵਾਲ ਟਾਈਪ ਕਰ ਕੇ ਪੁੱਛੇ। ਜਿਸਦੇ ਸੰਤ ਨਿਸ਼ਾਨ ਸਿੰਘ ਜੀ ਨੇ ਸਟੀਕ ਉੱਤਰ ਦੇ ਕੇ ਜਿਗਾਸੂਆਂ ਨੂੰ ਸੰਤੁਸ਼ਟ ਕੀਤਾ।

ਸ਼ਾਮ ਦੇ ਸੈਸ਼ਨ 'ਚ 6.00 ਵਜੇ ਤੋਂ ਸੰਤ ਹਰਪਾਲ ਸਿੰਘ ਸੇਵਕ ਜੀ ਨੇ 'ਗੁਰਸਿਖ ਮੀਤ ਚਲਹੁ ਗੁਰ ਚਾਲੀ' ਵਿਸ਼ੇ 'ਤੇ ਸਿੱਖ ਦੇ ਆਦਰਸ਼ ਜੀਵਨ ਅਤੇ ਆਚਰਨ ਦਾ ਖਾਕਾ ਉਲੀਕ, ਸਿੱਖੀ ਫਲਸਫੇ ਦਾ ਸਾਰ ਸਮਝਾਇਆ ਅਤੇ ਸਿਖਿਆਰਥੀਆਂ ਦੇ ਪ੍ਰਸ਼ਨਾਂ ਦੇ ਉੱਤਰ ਦਿੱਤੇ।

ਉਪਰੰਤ ਰਾਗੀ ਬਲਵੰਤ ਸਿੰਘ ਜੀ ਨੇ 'ਰਾਗ ਦੀ ਖ਼ੁਸ਼ਬੂ' ਵਿਸ਼ੇ 'ਤੇ ਲੈਕਚਰ ਕਰਦਿਆਂ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਸਿੱਖ ਦੇ ਬੱਚਿਆਂ 'ਚੋ ਕੁਝ ਨਾ ਕੁਝ ਰਾਗ ਦੀ ਖ਼ੁਸ਼ਬੂ ਆਉਣੀ ਚਾਹੀਦੀ ਹੈ 'ਤੇ ਚਾਨਣਾ ਪਾਇਆ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਕਿਵੇਂ ਉਸ ਖ਼ੁਸ਼ਬੂ ਨੂੰ ਨਾਮਧਾਰੀ ਪੰਥ 'ਚ ਪ੍ਰਸਾਰਿਤ ਕੀਤਾ, ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਸ਼ਾਸਤਰੀ ਸੰਗੀਤ ਗੁਰਮਤ ਕੀਰਤਨ ਦਾ ਨਾਮਧਾਰੀ ਦਰਬਾਰ 'ਚ ਵਰਤਮਾਨ ਸਮੇਂ ਤੱਕ ਦੇ ਸਾਰੇ ਸਫ਼ਰਨਾਮੇ ਦੀ ਝਲਕ ਪੇਸ਼ ਕੀਤੀ। ਸੁਖਵਿੰਦਰ ਸਿੰਘ ਲਾਇਲ ਨੇ ਸਟੇਜ ਸਕੱਤਰੀ ਕੀਤੀ। ਰਾਗੀ ਬਲਵੰਤ ਸਿੰਘ ਜੀ ਨਾਲ ਕਿਰਪਾਲ ਸਿੰਘ ਪਨੇਸਰ ਨੇ ਵੀ ਇਸ ਨਾਮਧਾਰੀ 'ਰਾਗ ਨਾਦ' ਲਈ ਆਪਣਾ ਤਜੁਰਬਾ ਸਾਂਝਾ ਕੀਤਾ। ਸਤਿਗੁਰੂ ਜੀ ਨੇ ਸੈਸ਼ਨ ਬਾਅਦ ਰਾਗੀ ਬਲਵੰਤ ਸਿੰਘ, ਹਰਪਾਲ ਸਿੰਘ ਸੇਵਕ ਹੁਰਾਂ ਨਾਲ ਵਿਸਮਾਦ ਦੀ ਅਵਸਥਾ 'ਚ ਪ੍ਰੀਤਮ ਪਿਆਰੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਬੜੇ ਬਚਨ ਸਾਂਝੇ ਕੀਤੇ।

ਮਿਤੀ **14 ਜੂਨ 2021** ਦਿਨ ਐਤਵਾਰ ਨੂੰ ਦੋਨੋ ਸੈਸ਼ਨ (ਸਵੇਰ ਤੇ ਸ਼ਾਮ) ਦੇ ਚਾਰੋਂ ਲੈਕਚਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚੌਥੀ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਕੀਤੇ ਗਏ। ਸਵੇਰੇ ਆਸਾ ਦੀ ਵਾਰ ਤੋਂ ਬਾਅਦ ਪਹਿਲਾ ਸੈਸ਼ਨ ਜਥੇ. ਨਿਸ਼ਾਨ ਸਿੰਘ ਦਿੱਲੀ ਦੇ ਲੈਕਚਰ ਨਾਲ ਸ਼ੁਰੂ ਹੋਇਆ। ਜਿਨ੍ਹਾਂ ਦਾ ਵਿਸ਼ਾ ਸੀ- 'ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅੰਮ੍ਰਿਤਸਰ ਤੋਂ ਬਾਬੇ ਬਕਾਲੇ ਤੱਕ ਦਾ ਸਮਾਂ।'

ਉਪਰੰਤ ਗੁਰਲਾਲ ਸਿੰਘ ਜੀ ਨੇ 'ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਚਾਰ ਦੌਰੇ' ਵਿਸ਼ੇ 'ਤੇ ਤੱਥ ਭਰਪੂਰ ਇਤਿਹਾਸ ਪੱਖ ਨਾਲ ਜਾਣਕਾਰੀ ਸਾਂਝੀ ਕੀਤੀ। ਸ਼ਾਮ ਨੂੰ 6 ਵਜੇ ਸੰਤ ਨਿਸ਼ਾਨ ਸਿੰਘ ਜੀ ਨੇ 'ਨੌਵੇਂ ਮਹੱਲੇ ਦੇ ਸ਼ਲੋਕ..' ਵਿਸ਼ੇ 'ਤੇ ਵਿਖਿਆਨ ਕੀਤਾ।

ਉਪਰੰਤ ਜਥੇ. ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ 'ਧਰਮੁ ਹੇਤੁ ਸਾਕਾ ਜਿਨਿ ਕੀਆ' ਵਿਸ਼ੇ 'ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਇਤਿਹਾਸ ਸੁਣਾਇਆ।

ਮਿਤੀ **19 ਜੂਨ 2021** ਸ਼ਨੀਵਾਰ ਨੂੰ ਸਵੇਰੇ ਆਸਾ ਦੀ ਵਾਰ ਉਪਰੰਤ ਸਵੇਰ ਦੇ ਵੈਬੀਨਾਰ ਦੇ ਸੈਸ਼ਨ 'ਚ ਪਹਿਲਾ ਲੈਕਚਰ ਅਮਰੀਕਾ ਨਿਵਾਸੀ ਸਰਮੁਖ ਸਿੰਘ ਸਪੁੱਤਰ ਸੁਖਦੇਵ ਸਿੰਘ ਦਾ ਸੀ। ਜਿਸਦਾ ਵਿਸ਼ਾ ਸੀ- 'ਮਿਠ ਬੋਲੜਾ ਜੀ ਹਰਿ ਸਜਣੁ ਸਵਾਮੀ ਮੋਰਾ' ਉਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਛੋਟੀਆਂ-ਛੋਟੀਆਂ ਘਟਨਾਵਾਂ ਅਤੇ ਸਾਖੀਆਂ ਨੂੰ ਜੋੜ ਕੇ

ਗੁਰਬਾਣੀ ਦੇ ਪ੍ਰਮਾਣ ਦੇ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਿੱਠ-ਬੋਲੜੀ ਕਲਾ ਦਾ ਸੁੰਦਰ ਸ਼ਬਦਾਂ ਨਾਲ ਚਿਤਰਨ ਕੀਤਾ।

ਇਸ ਤੋਂ ਬਾਅਦ ਅਗਲਾ ਲੈਕਚਰ ਡਾ. ਗੁਰਮੀਤ ਸਿੰਘ ਅਤੇ ਉਨ੍ਹਾਂ ਦੀ ਪਤਨੀ ਡਾ. ਸੁਖਦੀਪ ਕੌਰ ਦਾ ਸੀ। ਇਹ ਦੋਵੇਂ ਪਤੀ ਪਤਨੀ ਪੀ.ਐਚ.ਡੀ. ਹਨ ਅਤੇ ਇੰਡੀਅਨ ਆਇਲ ਦੇ ਵਿਭਾਗ 'ਚ ਬੜੇ ਉੱਚੇ ਅਹੁਦਿਆਂ 'ਤੇ ਕਾਰਜਕਾਰੀ ਹਨ। ਦੋਵੇਂ ਹੀ ਗੁਰਸਿੱਖੀ ਜੀਵਨ ਜਿਊਂਦੇ ਹਨ। ਰੋਜ਼ਾਨਾ ਨਾਮ-ਸਿਮਰਨ ਕਰਨਾ, ਬਾਣੀ ਪੜ੍ਹਨੀ, ਦਸਵੰਧ ਕੱਢਣਾ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਪਾਠ ਕਰਨਾ ਇਨ੍ਹਾਂ ਦੀ ਦਿਨ-ਚਰਿਆ ਦਾ ਹਿੱਸਾ ਹੈ। ਸਤਿਗੁਰੂ ਜੀ ਦਾ ਅਥਾਹ ਪਿਆਰ ਮਾਣਦੇ ਹਨ। ਇਸੇ ਲਈ ਸਤਿਗੁਰੂ ਜੀ ਦੁਆਰਾ ਵਿਸ਼ੇਸ਼ ਹੁਕਮ ਮਿਲਣ 'ਤੇ ਇਨ੍ਹਾਂ ਨੇ 'ਸੰਸਾਰਕ ਸਾਧਨ ਅਤੇ ਧਰਮ ਸਾਧਨਾ' ਵਿਸ਼ੇ 'ਤੇ ਇਕ ਸੁੰਦਰ ਪ੍ਰੈਜ਼ਨਟੇਸ਼ਨ ਪੇਸ਼ ਕਰ ਆਪਣਾ ਲੈਕਚਰ ਕੀਤਾ।

ਅੱਜ ਸ਼ਾਮ 6 ਵਜੇ ਤੋਂ ਇਸਤਰੀ ਵਿੱਦਿਅਕ ਜਥੇ ਦੀਆਂ ਦੋਵੇਂ ਕੇਂਦਰੀ ਸੇਵਾਦਾਰਨੀਆਂ ਬੀਬੀ ਲਖਵਿੰਦਰ ਕੌਰ ਜੋ ਕਿ ਆਈ.ਟੀ. ਪ੍ਰੋਫੈਸ਼ਨਲ ਵਿੱਚ ਹਨ ਅਤੇ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਹਨ ਅਤੇ ਬੀਬੀ ਰਤਨ ਕੌਰ ਜੋ ਕਿ ਚਾਰਟਡ ਅਕਾਊਂਟੈਂਟ ਹਨ। ਰਤਨ ਕੌਰ ਦਿੱਲੀ ਨਿਵਾਸੀ ਰਾਜਿੰਦਰ ਸਿੰਘ ਰਾਜਾ ਦੀ ਪਤਨੀ ਹੈ, ਨੇ ਬੜੇ ਹੀ ਸੰਜੀਦਾ ਵਿਸ਼ੇ 'ਤੇ ਲੈਕਚਰ ਕਰਨਾ ਸੀ ਵੈਬੀਨਾਰ ਦੀ ਪੂਰੀ ਤਿਆਰੀ ਹੋ ਗਈ। ਸ੍ਰੀ ਸਤਿਗੁਰੂ ਜੀ ਅਤੇ ਮਾਤਾ ਜੀ ਹਰੀ ਮੰਦਰ ਵਿਚ ਦਰਸ਼ਨ ਦਿੱਤੇ। ਦੇਸ਼ਾਂ-ਵਿਦੇਸ਼ਾਂ ਤੋਂ ਸੰਗਤ ਜ਼ੂਮ ਐਪ ਰਾਹੀਂ ਅਤੇ ਹੋਰ ਆਨ-ਲਾਈਨ ਮਾਧਿਅਮਾਂ ਰਾਹੀਂ ਹਰੀਮੰਦਰ ਦੇ ਮੰਚ ਨਾਲ ਜੁੜ ਗਈ। ਦੋਨੋਂ ਬੀਬੀਆਂ ਦੇ ਬੋਲਣ ਦਾ ਵਿਸ਼ਾ ਸੀ- 'ਸਫ਼ਲ ਗ੍ਰਹਿਸਤ ਜੀਵਨ ਅਤੇ ਵਧ ਰਹੇ ਤਣਾਅ, ਕਾਰਨ ਤੇ ਨਿਵਾਰਣ।' ਐਸੇ ਸੰਜੀਦਾ ਮੁੱਦੇ 'ਤੇ ਬੋਲਣ ਲੱਗਿਆਂ ਇਨ੍ਹਾਂ ਨੇ ਬੇਬਾਕੀ ਨਾਲ ਆਪਣੀ ਗੱਲ ਕਹੀ। ਜਦੋਂ ਅਸੀਂ ਵੈਬੀਨਾਰ 'ਚ ਰੱਖੇ ਜਾਣ ਵਾਲੇ ਵਿਸ਼ਿਆਂ ਤੇ ਚਰਚਾ ਕਰਨ ਲਈ ਸ੍ਰੀ ਹਜ਼ੂਰ ਜੀ ਨਾਲ ਬੈਠੇ ਸਾਂ। ਪਾਤਸ਼ਾਹ ਜੀ ਪਾਸ ਇਸ ਵਿਸ਼ੇ ਬਾਰੇ ਅਰਜ ਕੀਤੀ ਗਈ ਪਾਤਸ਼ਾਹ ਜੀ ਨੇ ਇਸ ਵਿਸ਼ੇ ਲਈ ਨਾ ਸਿਰਫ਼ ਪ੍ਰਵਾਨਗੀ ਦਿੱਤੀ ਬਲਕਿ ਆਪ ਇਸ 'ਚ ਬੋਲੇ ਜਾਣ ਵਾਲੇ ਬਿੰਦੂ ਵੀ ਸੁਝਾਏ। ਅੱਜ-ਕੱਲ ਲੜਕੇ-ਲੜਕੀਆਂ ਪੜ੍ਹੇ ਲਿਖੇ ਹਨ। ਬਹੁਤ ਕਰਕੇ ਨੌਕਰੀਆਂ ਵੀ ਕਰਦੇ ਹਨ। ਮਾਤਾ-ਪਿਤਾ ਦੀ ਸੋਚ ਕੁਝ ਹੋਰ ਹੁੰਦੀ ਹੈ, ਇਸ ਸਾਰੇ ਵਿਚ ਨਿਭਾਅ ਕਿਵੇਂ ਹੋਵੇ? ਇਹ ਵੱਡੀ ਚਰਚਾ ਦਾ ਵਿਸ਼ਾ ਹੈ। ਰਤਨ ਕੌਰ ਅਤੇ ਲਖਵਿੰਦਰ ਕੌਰ ਨੇ ਆਪਣੇ ਵਿਸ਼ੇ ਨਾਲ ਪੂਰਾ ਨਿਆਂ ਕਰਦਿਆਂ ਗ੍ਰਹਿਸਤ ਦਾ ਪੱਖ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ਾਂ ਦੇ ਪ੍ਰਮਾਣਾਂ ਸਹਿਤ ਰੱਖਿਆ। ਇਕ ਸਵਾਲ ਦੇ ਜਵਾਬ 'ਚ ਬੀਬੀ ਲਖਵਿੰਦਰ ਕੌਰ ਨੇ ਬੜਾ ਹੀ ਸਟੀਕ ਉੱਤਰ ਦਿੱਤਾ ਕਿ ਅਗਰ ਲੜਕੀ ਨਾਲ ਕੁਝ ਗਲਤ ਹੋ ਰਿਹਾ ਹੈ ਤਾਂ ਉਸ ਨੂੰ ਜਰਨਾ ਨਹੀਂ ਚਾਹੀਦਾ। ਉਸ ਦੀ ਜਾਣਕਾਰੀ ਆਪਣੇ ਵੱਡਿਆਂ ਨੂੰ ਸਮੇਂ ਸਿਰ ਦਿੱਤੀ ਜਾਵੇ ਤਾਂ ਕਿ ਸਮੱਸਿਆ ਦਾ ਹੱਲ ਵਧਣ ਤੋਂ ਪਹਿਲਾਂ ਕੱਢ ਲਿਆ ਜਾਵੇ।

ਇਨ੍ਹਾਂ ਦੋਵਾਂ ਦੇ ਬੋਲਣ ਬਾਅਦ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਇਸੇ ਵਿਸ਼ੇ 'ਤੇ ਰਹਿ ਗਏ ਤੱਥਾਂ ਬਾਰੇ ਉਪਦੇਸ਼ ਦਿੱਤਾ। ਆਪ ਜੀ ਨੇ ਭਾਰਤੀ ਸਮਾਜ ਦੀ ਵਰਤਮਾਨ ਸਥਿਤੀ ਅਤੇ ਵਿਦੇਸ਼ਾਂ ਦੀ ਸਥਿਤੀ ਦੇ ਫ਼ਰਕ ਨੂੰ ਜ਼ਾਹਰ ਕਰ, ਤਲਾਕ ਵਾਲੀ ਸਥਿਤੀ ਤੋਂ ਬਚਣ ਦਾ ਉਪਦੇਸ਼ ਦਿੱਤਾ। ਦੇਸ਼ਾਂ-ਵਿਦੇਸ਼ਾਂ ਤੋਂ ਸੰਗਤਾਂ ਨੇ ਇਸ ਵਿਸ਼ੇ 'ਤੇ ਸੈਮੀਨਾਰ ਕਰਵਾਏ ਜਾਣ ਦੀ ਸ਼ਲਾਘਾ ਕੀਤੀ।

**20 ਜੂਨ 2021** ਦਿਨ ਐਤਵਾਰ ਆਸਾ ਦੀ ਵਾਰ ਉਪਰੰਤ ਇਸ ਸੰਮੇਲਨ 'ਚ ਹੋਣ ਵਾਲੇ ਵੈਬੀਨਾਰ ਦੇ ਅਖੀਰਲੇ ਲੈਕਚਰ ਹੋਏ। ਪਹਿਲਾ ਲੈਕਚਰ ਡਾ. ਰਵਨਿੰਦਰ ਸਿੰਘ ਕੂਕਾ ਅਤੇ ਉਨ੍ਹਾਂ ਦੀ ਪਤਨੀ ਡਾ. ਅਲਪਨਾ ਠਾਕੁਰ ਦਾ ਸੀ। ਜਿਨ੍ਹਾਂ ਦਾ ਵਿਸ਼ਾ ਸੀ, 'ਸਵੱਸਥ ਜੀਵਨ ਅਤੇ ਭੋਜਨ ਦਾ ਨਾਤਾ।' ਇਹ ਦੋਨੋਂ ਪਤੀ-ਪਤਨੀ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਿੱਚ ਡਾਕਟਰੀ ਸੇਵਾਵਾਂ ਦੇ ਰਹੇ ਹਨ। ਦੋਵੇਂ ਐਮ.ਡੀ. ਹਨ। ਡਾ. ਰਵਨਿੰਦਰ ਸਿੰਘ ਦਿਲ ਰੋਗਾਂ ਦੇ ਅਤੇ ਡਾ. ਅਲਪਨਾ ਠਾਕੁਰ ਸਕਿਨ ਰੋਗਾਂ ਦੇ ਮਾਹਰ ਹਨ।

ਇਨ੍ਹਾਂ ਦੋਵਾਂ ਨੇ ਇਕ ਪ੍ਰੈਜ਼ਨਟੇਸ਼ਨ ਨੂੰ ਜ਼ੂਮ ਐਪ ਰਾਹੀਂ ਸ਼ੋਅ ਕਰ ਆਪਣਾ ਲੈਕਚਰ ਕੀਤਾ ਅਤੇ ਦੱਸਿਆ ਕਿ ਕਿਸ ਤਰ੍ਹਾਂ ਅਸੀਂ ਆਪਣੇ ਭੋਜਨ ਦੇ ਤਰੀਕੇ ਨੂੰ ਠੀਕ ਕਰ ਸਿਹਤਯਾਬ ਰਹਿ ਸਕਦੇ ਹਾਂ। ਕਿਸ ਪਦਾਰਥ ਨੂੰ ਛਕਣ ਨਾਲ ਸਾਨੂੰ ਕਿੰਨੀ ਕੈਲੋਰੀਜ਼ ਮਿਲਦੀਆਂ ਹਨ ਅਤੇ ਕਿਸ ਨੂੰ ਛਕਣ ਨਾਲ ਅਸੀਂ ਰੋਗਾਂ ਤੋਂ ਮੁਕਤ ਹੁੰਦੇ ਹਾਂ। ਅੱਜ ਦੇ ਸਮੇਂ 'ਚ ਇਹ ਲੈਕਚਰ ਬਹੁਤ ਜ਼ਰੂਰੀ ਵੀ ਸੀ ਅਤੇ ਦੋਵੇਂ ਡਾਕਟਰਾਂ ਵੱਲੋਂ ਸਰਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਵੀ ਕੀਤਾ ਗਿਆ। ਇਸ ਲੈਕਚਰ ਉਪਰੰਤ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੀ ਕੇਂਦਰੀ ਸੇਵਾਦਾਰ ਜੋੜੀ ਦਾ ਸੀ। ਦੋਵੇਂ ਪਤੀ-ਪਤਨੀ ਜਥੇ 'ਚ ਸੇਵਾ ਵੀ ਦੇ ਰਹੇ ਹਨ ਅਤੇ ਦੋਵੇਂ ਫ਼ਰੀਦਕੋਟ ਹਸਪਤਾਲ ਵਿਖੇ ਡਾਕਟਰੀ ਸੇਵਾ ਵੀ ਕਰ ਰਹੇ ਹਨ। ਡਾ. ਪੁਸ਼ਪਿੰਦਰ ਸਿੰਘ ਕੂਕਾ (ਐੱਮ.ਬੀ.ਬੀ.ਐੱਸ., ਐੱਮ.ਐੱਸ. ਜਨਰਲ ਸਰਜਨ ਸਪੈਸ਼ਲਿਸਟ, ਮੈਡੀਕਲ ਅਫ਼ਸਰ, ਸਿਵਲ ਹਸਪਤਾਲ, ਫ਼ਰੀਦਕੋਟ) ਅਤੇ ਉਨ੍ਹਾਂ ਦੀ ਪਤਨੀ ਕਮਲਦੀਪ ਕੌਰ ਕੂਕਾ

(ਬੀ.ਏ.ਐੱਮ.ਐੱਸ., ਪੀ.ਜੀ.ਡੀ. ਐਚ.ਐਚ.ਐਮ., ਪੀ.ਜੀ.ਡੀ, ਐੱਮ.ਐੱਲ.ਐੱਸ.ਐੱਨ, ਡੀ.ਡੀ.ਵਾਈ., ਕੋਟਕਲ ਕੇਰਲਾ ਤੋਂ ਪੰਚਕਮ ਅਤੇ ਨਾੜੀ ਵਿਗਿਆਨ ਦੀ ਸਿੱਖਿਆ ਵੀ ਹਾਸਲ ਕੀਤੀ ਹੈ।) ਇਨ੍ਹਾਂ ਦੋਵਾਂ ਦੀ ਖਾਸੀਅਤ ਹੈ ਕਿ ਇਨ੍ਹਾਂ ਨੇ ਨਾਮਧਾਰੀ ਪਹਿਰਾਵੇ ਵਿੱਚ ਹੀ ਆਪਣੀ ਪੜ੍ਹਾਈ ਪੂਰੀ ਕੀਤੀ ਹੈ ਅਤੇ ਅੱਜ ਨਾਮਧਾਰੀ ਪਹਿਰਾਵੇ ਵਿੱਚ ਹੀ ਡਾਕਟਰੀ ਸੇਵਾਵਾਂ ਦੇ ਰਹੇ ਹਨ। ਇਨ੍ਹਾਂ ਦੇ ਵੈਬੀਨਾਰ ਲੈਕਚਰ ਦਾ ਵਿਸ਼ਾ ਸੀ– 'ਆਧੁਨਿਕ ਸਮੇਂ ਵਿੱਚ ਅਨੰਦ ਮਰਿਆਦਾ ਅਤੇ ਅਸੀਂ' ਇਨ੍ਹਾਂ ਦੋਵਾਂ ਨੇ ਆਪਣੇ ਘਰ ਤੋਂ ਹੀ ਜ਼ੂਮ ਪਲੈਟਫਾਰਮ 'ਤੇ ਜੁੜ ਕੇ ਆਪਣੀ ਤਕਰੀਰ ਪੂਰੀ ਕੀਤੀ। ਇਨ੍ਹਾਂ ਨੇ ਨਾਮਧਾਰੀ ਆਨੰਦ ਮਰਯਾਦਾ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਕਿ ਇਹ ਕਿਸ ਤਰ੍ਹਾਂ ਆਰੰਭ ਹੋਈ। ਸਾਨੂੰ ਕਿਵੇਂ ਸਾਦਗੀ 'ਚ ਹੀ ਆਨੰਦ ਕਰਨੇ ਚਾਹੀਦੇ ਹਨ। ਇਨ੍ਹਾਂ ਦੇ ਪ੍ਰਭਾਵਸ਼ਾਲੀ ਲੈਕਚਰ ਉਪਰੰਤ ਸਤਿਗੁਰੂ ਜੀ ਨੇ ਉਪਦੇਸ਼ ਕਰ ਸਾਰੇ ਹੀ ਹੋਏ ਵੈਬੀਨਾਰ ਲੈਕਚਰਾਂ ਦੀ ਅਤੇ ਬੁਲਾਰਿਆਂ ਦੀ ਸ਼ਲਾਘਾ ਕੀਤੀ।

ਹਾਲਾਂਕਿ ਪਹਿਲੇ ਉਲੀਕੇ ਪ੍ਰੋਗਰਾਮ ਅਨੁਸਾਰ ਵੈਬੀਨਾਰ ਦਾ ਸੈਸ਼ਨ ਸਤਿਗੁਰੂ ਜੀ ਦੇ ਉਪਦੇਸ਼ ਦੇ ਨਾਲ ਸਮਾਪਤ ਹੋ ਜਾਣਾ ਸੀ ਪਰ ਸਤਿਗੁਰੂ ਜੀ ਰਜ਼ਾ ਮੁਤਾਬਕ ਵੈਬੀਨਾਰ ਦਾ ਇਕ ਸੈਸ਼ਨ ਹੋਰ ਅਗਲੇ ਐਤਵਾਰ ਮਿਤੀ 4 ਜੁਲਾਈ ਨੂੰ ਹੋਣਾ ਤੈਅ ਹੋ ਗਿਆ।

**4 ਜੁਲਾਈ 2021** ਦਿਨ ਐਤਵਾਰ ਨੂੰ ਆਸਾ ਦੀ ਵਾਰ ਉਪਰੰਤ ਅੱਜ ਦੇ ਸੈਸ਼ਨ ਵਿਚ ਨਾਮਧਾਰੀ ਪੰਥ ਦੇ ਮਹਾਨ ਵਿਦਵਾਨ, ਇਤਿਹਾਸਕਾਰ, ਲੇਖਕ ਸ. ਸੁਵਰਨ ਸਿੰਘ ਵਿਰਕ ਜੀ ਨੇ 'ਗੁਰੂ ਜਗਜੀਤ ਦੇ ਸੁਪਨੇ ਸਭ ਸਾਕਾਰ ਕਰਾਂਗੇ' ਵਿਸ਼ੇ 'ਤੇ ਆਪਣੀ ਤਕਰੀਰ ਕਰਦਿਆਂ ਨਾਮਧਾਰੀ ਪੰਥ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਨੌਜਵਾਨ ਪੀੜ੍ਹੀ ਦੀ ਵਧੀ ਭਾਗੀਦਾਰੀ ਦਾ ਵੇਰਵੇ ਸਹਿਤ ਜ਼ਿਕਰ ਕੀਤਾ। ਆਪ ਜੀ ਨੇ ਵਿਦਿਅਕ ਜਥੇ ਦੇ ਗਠਨ ਤੋਂ ਲੈ ਕੇ ਇਸ ਦੇ ਮੰਚ ਤੋਂ ਨਿਕਲੇ ਬੁਲਾਰੇ ਵਿਦਵਾਨ ਅਤੇ ਪੰਥ ਦੇ ਅਹੁਦੇਦਾਰਾਂ ਬਾਰੇ ਵੀ ਦੱਸਿਆ ਕਿ ਕਿਵੇਂ ਨੌਜਵਾਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੁਪਨੇ ਪੂਰੇ ਕਰ ਰਹੇ ਨੇ ਅਤੇ ਕਰ ਸਕਦੇ ਹਨ। ਵਿਰਕ ਜੀ ਤੋਂ ਬਾਅਦ ਸੁਖਵਿੰਦਰ ਸਿੰਘ ਲਾਇਲ 'ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਦਿੱਤੇ ਪ੍ਰੋਗਰਾਮ– ਸਾਡਾ ਮਿਸ਼ਨ' ਵਿਸ਼ੇ 'ਤੇ ਇਕ ਰਿਪੋਰਟ ਪੇਸ਼ ਕਰਦਿਆਂ ਪਿਛਲੇ ਕੁਝ ਵਰ੍ਹਿਆਂ ਦੀਆਂ ਨਾਮਧਾਰੀ ਪੰਥ ਦੀਆਂ ਪ੍ਰਾਪਤੀਆਂ ਤੇ ਕਾਰਗੁਜ਼ਾਰੀਆਂ ਬਾਰੇ ਜਾਣਕਾਰੀ ਦਿੱਤੀ। ਲਾਇਲ ਜੀ ਦੇ ਬੋਲਣ ਦਾ ਦਾਇਰਾ ਵਿੱਦਿਅਕ ਜਥੇ ਅਤੇ ਨੌਜਵਾਨਾਂ ਦੇ ਨਾਲ–ਨਾਲ ਪੰਥ ਦੇ ਸਿੱਖੀ ਵਿਕਾਸ ਬਾਰੇ ਦੱਸਣਾ ਸੀ। ਇਨ੍ਹਾਂ ਲੈਕਚਰਾਂ ਦੇ ਨਾਲ ਹੀ ਆਨ–ਲਾਈਨ ਸੰਮੇਲਨ ਦਾ ਤੀਸਰਾ ਭਾਗ ਸਮਾਪਤ ਹੋਇਆ।

### ਸ੍ਰੀ ਭੈਣੀ ਸਾਹਿਬ ਦੀ ਸੰਗਤ ਲਈ ਕੁਕਿੰਗ ਮੁਕਾਬਲੇ

ਸੰਮੇਲਨ ਦੇ ਦੌਰਾਨ ਹੀ ਸਤਿਗੁਰੂ ਜੀ ਦੀ ਰਜ਼ਾ ਅਤੇ ਛਤਰ ਛਾਇਆ ਹੇਠ ਮਾਤਾ ਗੁਰਸ਼ਰਨ ਕੌਰ ਜੀ ਦੀ ਅਗਵਾਈ ਹੇਠ ਸ੍ਰੀ ਭੈਣੀ ਸਾਹਿਬ ਵਿੱਚ ਰਹਿਣ ਵਾਲੀ ਸੰਗਤ ਲਈ **27 ਜੂਨ 2021** ਦਿਨ ਐਤਵਾਰ ਨੂੰ ਇੱਕ ਕੁਕਿੰਗ ਪ੍ਰਤੀਯੋਗਤਾ ਕਰਵਾਈ ਗਈ।

ਸਵੇਰੇ 9 ਵਜੇ ਤੱਕ ਸਭ ਪ੍ਰਤੀਯੋਗੀਆਂ ਨੇ ਆਪਣੇ ਆਪਣੇ ਘਰੋਂ ਪਦਾਰਥ ਬਣਾ ਕੇ ਲਿਆਂਦੇ ਅਤੇ 2 ਨੰਬਰ ਕੋਠੀ ਦੇ ਸੰਗੀਤ ਹਾਲ ਵਿਚ ਸਜਾ ਸੰਵਾਰ ਕੇ ਲਗਾਏ ਟੇਬਲਾਂ 'ਤੇ ਪ੍ਰਦਰਸ਼ਿਤ ਕੀਤੇ। ਇਸ ਪ੍ਰਤੀਯੋਗਤਾ ਵਿੱਚ ਦੋ ਵਰਗ ਸਨ। ਸੋਧ ਦੇ ਪਦਾਰਥ ਅਤੇ ਖੁੱਲ੍ਹੇ ਪਦਾਰਥ। ਮਾਤਾ ਗੁਰਸ਼ਰਨ ਕੌਰ, ਬੀਬੀ ਰਤਨ ਕੌਰ, ਲਖਵਿੰਦਰ ਕੌਰ ਤੇ ਗੁਰਦੇਵ ਸਿੰਘ ਚੀਮਾ ਨੇ ਸਾਰੇ ਪਦਾਰਥਾਂ ਦਾ ਵੇਰਵਾ ਲੈ ਉਨ੍ਹਾਂ ਦੇ ਰਿਜ਼ਲਟ ਕੱਢੇ। ਸਤਿਗੁਰੂ ਜੀ ਵੀ ਹਾਲ ਵਿੱਚ ਦਰਸ਼ਨ ਦੇ ਪ੍ਰਤੀਯੋਗੀਆਂ ਨੂੰ ਅਸ਼ੀਰਵਾਦ ਦਿੱਤਾ।

ਇਕ ਹੋਰ ਦੂਸਰੀ ਕੁਕਿੰਗ ਪ੍ਰਤੀਯੋਗਤਾ ਆਨ–ਲਾਈਨ ਵੀ ਹੋਈ ਇਸ ਵਿੱਚ ਵਿਸ਼ਵ ਭਰ ਦੇ ਨਾਮਧਾਰੀ ਸਿਖਿਆਰਥੀਆਂ ਨੇ ਹਿੱਸਾ ਲਿਆ। ਉਹਨਾਂ ਨੇ ਵਿਡੀਓ ਬਣਾ ਕਿ ਵਿਦਿਅਕ ਜਥਾ ਕਮੇਟੀ ਨੂੰ ਭੇਜੀਆਂ।

**1 ਅਗਸਤ 2021** ਦਿਨ ਐਤਵਾਰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਪਹਿਲਾਂ ਹਰਪਾਲ ਸਿੰਘ ਨੇ ਇਕ ਪ੍ਰੈਜ਼ੈਂਟੇਸ਼ਨ ਰਾਹੀਂ ਸੰਮੇਲਨ ਦਾ ਵਿਸ਼ਲੇਸ਼ਣ ਚਾਰਟ ਪੇਸ਼ ਕੀਤਾ ਅਤੇ ਸੰਮੇਲਨ ਦੇ ਰੌਚਕ ਤੱਥਾਂ ਦੀ ਜਾਣਕਾਰੀ ਦਿੱਤੀ। ਉਪਰੰਤ ਬੀਬੀ ਲਖਵਿੰਦਰ ਕੌਰ ਜੀ ਨੇ ਰਿਜ਼ਲਟ ਅਨਾਊਂਸ ਕੀਤੇ, ਜਿਸ ਦਾ ਵੇਰਵਾ ਅੱਗੇ ਲਿਸਟ ਰੂਪ ਵਿੱਚ ਦਿੱਤਾ ਜਾਵੇਗਾ।

ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ਆਨ–ਲਾਈਨ ਸੰਮੇਲਨ ਵਿੱਚ 2000 ਤੋਂ ਵੱਧ ਪ੍ਰਤੀਯੋਗੀਆਂ ਨੇ ਵੱਖ ਵੱਖ ਪ੍ਰਤੀਯੋਗਤਾਵਾਂ 'ਚ ਹਿੱਸਾ ਲਿਆ। 10 ਜੁਲਾਈ ਤੱਕ ਸਾਰੇ ਮੁਕਾਬਲੇ ਸਮਾਪਤ ਹੋ ਗਏ ਸਨ ਅਤੇ 7 ਅਗਸਤ ਨੂੰ ਹਰੀ ਮੰਦਰ, ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਨੇ ਇਨਾਮ ਜੇਤੂ ਸਿਖਿਆਰਥੀਆਂ 'ਤੇ ਬਖਸ਼ਿਸ਼ ਕੀਤੀ। ਇਸ ਸੰਮੇਲਨ ਵਿੱਚ ਇਨ੍ਹਾਂ ਹੇਠ ਲਿਖੇ ਜੱਜਾਂ ਨੇ ਜੱਜਮੈਂਟ ਦੀ ਸੇਵਾ ਨਿਭਾਈ।

**ਭਾਸ਼ਣ (ਵਿਸ਼ੇਸ਼ ਵਰਗ)**– ਸ. ਸਵਰਨ ਸਿੰਘ

ਵਿਰਕ, ਸ. ਸਰਵ ਸ਼ਕਤੀਮਾਨ, ਸ. ਸੁਖਵਿੰਦਰ ਸਿੰਘ ਲਾਇਲ

**ਭਾਸ਼ਣ ਸੀਨੀਅਰ**– ਹਰਪਾਲ ਸਿੰਘ ਸੇਵਕ, ਸੁੰਦਰ ਜੀਤ ਕੌਰ

**ਭਾਸ਼ਣ (ਜੂਨੀਅਰ)**– ਭਜਨ ਸਿੰਘ, ਗੁਰਲਾਲ ਸਿੰਘ

**ਸਭ ਜੂਨੀਅਰ**– ਜਥੇ. ਨਿਸ਼ਾਨ ਸਿੰਘ, ਜਸਵੰਤ ਸਿੰਘ ਮਸਤ

**ਸ਼ੁੱਧ ਗੁਰਬਾਣੀ (ਵਿਸ਼ੇਸ਼ ਵਰਗ)**– ਰਾਗੀ ਸ਼ਾਮ ਸਿੰਘ

**ਸ਼ੁੱਧ ਗੁਰਬਾਣੀ (ਸੀਨੀਅਰ)**– ਗੁਰਸੇਵਕ ਸਿੰਘ ਕਵੀਸ਼ਰ

**ਸ਼ੁੱਧ ਗੁਰਬਾਣੀ (ਜੂਨੀਅਰ)–** ਗੁਰਪ੍ਰੀਤ ਸਿੰਘ

**ਰਹਿਤਨਾਮਾ**– ਰਾਗੀ ਮਨਜੀਤ ਸਿੰਘ

**ਅਰਦਾਸ ਪਾਤਸ਼ਾਹੀ 12ਵੀਂ (ਸੀਨੀਅਰ ਤੇ ਜੂਨੀਅਰ)–** ਬੀਬੀ ਨਰਿੰਦਰ ਕੌਰ

**ਪਰਸ਼ਾਦਾ ਛਕਣ ਉਪਰੰਤ ਅਰਦਾਸ–** ਸੂਬਾ ਜਸਬੀਰ ਸਿੰਘ, ਸੂਬਾ ਹਰਜੀਤ ਸਿੰਘ ਮਠਾੜੂ

---

## ਆਨ-ਲਾਈਨ ਵਿਦਿਅਕ ਸੰਮੇਲਨ 2021 ਦੇ ਜੇਤੂ ਸਿਖਿਆਰਥੀ

### ਅਰਦਾਸ ਪਾਤਸ਼ਾਹੀ 12ਵੀਂ (5-8 ਸਾਲ)

| ਸਥਾਨ | ਨਾਮ |
|---|---|
| 1st | ਪਰਵੀਨ ਕੌਰ D/o ਪੁਸ਼ਪਿੰਦਰ ਸਿੰਘ ਕੂਕਾ, ਫਰੀਦਕੋਟ |
| 2nd | ਮੋਹਨ ਸਿੰਘ S/o ਮਹਿੰਦਰ ਸਿੰਘ, ਬੰਗਲੌਰ |
| 3rd | ਆਸਾ ਸਿੰਘ S/o ਹਰਮੀਤ ਸਿੰਘ, ਲੁਧਿਆਣਾ |
| cons. | ਹਰਮਨ ਕੌਰ D/o ਹਰਦਿਆਲ ਸਿੰਘ, ਅੰਮ੍ਰਿਤਸਰ |

### ਪ੍ਰਸ਼ਾਦਾ ਸ਼ਕਣ ਉਪਰੰਤ ਅਰਦਾਸ (5-8 ਸਾਲ)

| ਸਥਾਨ | ਨਾਮ |
|---|---|
| 1st | ਸੁਰਿੰਦਰ ਕੌਰ D/o ਸੁੰਦਰ ਸਿੰਘ, ਮੰਡੀ |
| 2nd | ਦਰਸ਼ਨ ਸਿੰਘ S/o ਦਵਿੰਦਰ ਸਿੰਘ ਬਲਿਹਾਰਜਾਵਾਂ, ਨਵੀਂ ਦਿਲੀ |
| 3rd | ਮੇਹਰ ਕੌਰ D/o ਅਵਨੀਤ ਸਿੰਘ, ਲੁਧਿਆਣਾ |
| cons. | ਕੀਰਤ ਕੌਰ D/o ਰਤਨਜੀਤ ਸਿੰਘ, ਹੈਦਰਾਬਾਦ |
| cons. | ਗੁਰਮੀਤ ਕੌਰ D/o ਗੁਰਮੁੱਖ ਸਿੰਘ, ਨਵੀਂ ਦਿੱਲੀ |
| cons. | ਦਿਲਪ੍ਰੀਤ ਕੌਰ D/o ਬਲਜੀਤ ਸਿੰਘ, ਅੰਮ੍ਰਿਤਸਰ |
| cons. | ਰਸ਼ਮੀਤ ਕੌਰ D/o ਭੁਪਿੰਦਰ ਸਿੰਘ ਅੰਮ੍ਰਿਤਸਰ |
| cons. | ਅਰਸ਼ਵੀਰ ਸਿੰਘ S/o ਹਰਭਜਨ ਸਿੰਘ, ਮੰਡੀ |
| cons. | ਮਨਿੰਦਰ ਸਿੰਘ S/o ਮਨਪ੍ਰੀਤ ਸਿੰਘ, ਫਗਵਾੜਾ |

### ਰਹਿਤਨਾਮਾ ਪਾਤਸ਼ਾਹੀ 12ਵੀਂ 8-12 ਸਾਲ)

| ਸਥਾਨ | ਨਾਮ |
|---|---|
| 1st | ਗਿਆਨ ਸਿੰਘ S/o ਗੁਰਚਰਨ ਪ੍ਰੀਤ ਸਿੰਘ, ਮੰਡੀ |
| 2nd | ਪ੍ਰੇਮ ਸਿੰਘ S/o ਪਿਆਰਾ ਸਿੰਘ, ਨਵੀਂ ਦਿੱਲੀ |
| 3rd | ਹਰਮਨ ਕੌਰ D/o ਹਰਦਿਆਲ ਸਿੰਘ, ਅੰਮ੍ਰਿਤਸਰ |
| 3rd | ਆਸਾ ਸਿੰਘ S/o ਹਰਮੀਤ ਸਿੰਘ, ਲੁਧਿਆਣਾ |
| cons. | ਗਿਆਨ ਕੌਰ D/o ਗੁਰਦੀਪ ਸਿੰਘ, ਯਮੁਨਾਨਗਰ |
| cons. | ਸੁਖਦੇਵ ਸਿੰਘ S/o ਸੁਖਜਿੰਦਰ ਸਿੰਘ, ਰੂਪਨਗਰ |

### ਗਾਇਨ (8-12 ਸਾਲ)

| ਸਥਾਨ | ਨਾਮ |
|---|---|
| 1st | ਆਤਮਾ ਸਿੰਘ S/o ਆਸਾ ਸਿੰਘ, ਲੁਧਿਆਣਾ |
| 2nd | ਮਹਾਂ ਸਿੰਘ S/o ਮਨਦੀਪ ਸਿੰਘ, ਲੁਧਿਆਣਾ |
| 2nd | ਗੁਰਮੁਖ ਸਿੰਘ S/o ਗੁਰਪ੍ਰੀਤ ਸਿੰਘ, ਲੁਧਿਆਣਾ |
| 3rd | ਭਰਪੂਰ ਸਿੰਘ S/o ਭੁਪਿੰਦਰ ਸਿੰਘ, ਮੈਲਬੌਰਨ |
| 3rd | ਜਸਮਿੰਦਰ ਕੌਰ D/o ਰਜਿੰਦਰ ਸਿੰਘ, ਜਲੰਧਰ |
| cons. | ਜਸਵਿੰਦਰ ਸਿੰਘ ਜੌਹਲ S/o ਜਤਿੰਦਰ ਸਿੰਘ ਜੌਹਲ, ਐਸਟ੍ਰੇਲੀਆ |
| cons. | ਦਵਿੰਦਰ ਸਿੰਘ ਪਨੇਸਰ S/o ਦਰਸ਼ਨ ਸਿੰਘ ਪਨੇਸਰ, ਬ੍ਰਿਮਿੰਗਮ |

### ਭਾਸ਼ਣ (8-12 ਸਾਲ)

| ਸਥਾਨ | ਨਾਮ |
|---|---|
| 1st | ਪ੍ਰੇਮ ਸਿੰਘ S/o ਪਿਆਰਾ ਸਿੰਘ, ਨਵੀਂ ਦਿੱਲੀ |
| 2nd | ਗਿਆਨ ਕੌਰ D/o ਗੁਰਦੀਪ ਸਿੰਘ, ਯਮੁਨਾਨਗਰ |
| 3rd | ਹਰਮਨ ਕੌਰ D/o ਹਰਦਿਆਲ ਸਿੰਘ, ਅੰਮ੍ਰਿਤਸਰ |
| cons. | ਸੰਤ ਕੌਰ D/o ਸਾਧੂ ਸਿੰਘ, ਲੁਧਿਆਣਾ |

### ਅਰਦਾਸ ਪਾਤਸ਼ਾਹੀ 12ਵੀਂ (8-12 ਸਾਲ)

| ਸਥਾਨ | ਨਾਮ |
|---|---|
| 1st | ਮਨਜੀਤ ਸਿੰਘ S/o ਮੰਗਲਜੀਤ ਸਿੰਘ, ਦਿੱਲੀ |
| 2nd | ਪ੍ਰੇਮ ਸਿੰਘ S/o ਪਿਆਰਾ ਸਿੰਘ, ਨਵੀਂ ਦਿੱਲੀ |
| 3rd | ਪ੍ਰਕਾਸ਼ ਕੌਰ D/o ਪੁਸ਼ਪਿੰਦਰ ਸਿੰਘ ਕੂਕਾ, ਫਰੀਦਕੋਟ |
| 3rd | ਆਤਮਾ ਸਿੰਘ S/o ਆਸਾ ਸਿੰਘ, ਲੁਧਿਆਣਾ |
| cons. | ਇਕਬਾਲ ਸਿੰਘ S/o ਇੰਦਰਪਾਲ ਸਿੰਘ, ਪੰਡੋਹ |

### ਪੇਂਟਿੰਗ (8-12 ਸਾਲ)

| ਸਥਾਨ | ਨਾਮ |
|---|---|
| 1st | ਹਰਮਿੰਦਰ ਸਿੰਘ S/o ਹਰਮਨਜੀਤ ਸਿੰਘ, ਲੁਧਿਆਣਾ |
| 2nd | ਭਗਵਾਨ ਕੌਰ D/o ਭਗਵੰਤ ਸਿੰਘ, ਲੁਧਿਆਣਾ |
| 3rd | ਰਤਨ ਸਿੰਘ S/o ਰਣਜੀਤ ਸਿੰਘ, ਲੁਧਿਆਣਾ |
| Cons. | ਹਰਪਾਲ ਕੌਰ D/o ਹਰਵਿੰਦਰ ਸਿੰਘ, ਫਿਲੌਰ |
| Cons. | ਪ੍ਰਕਾਸ਼ ਕੌਰ D/o ਡਾ. ਪੁਸ਼ਪਿੰਦਰ ਸਿੰਘ ਕੂਕਾ, ਫਰੀਦਕੋਟ |

### ਕੁਵਿਜ (12-16 ਸਾਲ)

| ਸਥਾਨ | ਨਾਮ |
|---|---|
| 1st | ਸੁਹੇਲ ਸਿੰਘ S/o ਮਨਜੀਤ ਸਿੰਘ, ਐਲਨਾਬਾਦ |
| 2nd | ਬਿਨਵੰਤ ਕੌਰ D/o ਭਗਵੰਤ ਸਿੰਘ, ਫਤਿਹਗੜ੍ਹ ਸਾਹਿਬ |
| 3rd | ਦਿਆਲ ਸਿੰਘ S/o ਦਲਜੀਤ ਸਿੰਘ, ਜਲੰਧਰ |
| 3rd | ਜਸਵੰਤ ਸਿੰਘ S/o ਜਗੀਰ ਸਿੰਘ, ਸਿਰਸਾ |
| Cons. | ਹਰਕੀਰਤ ਕੌਰ D/o (ਸਵ.) ਉਦੇ ਸਿੰਘ, ਅੰਬਾਲਾ |
| Cons. | ਗਿਆਨ ਕੌਰ D/o ਗੁਰਮੁੱਖ ਸਿੰਘ, ਨਵੀਂ ਦਿੱਲੀ |

### ਸਲਾਦ ਸਜਾਵਟ (12-16 ਸਾਲ)

| ਸਥਾਨ | ਨਾਮ |
|---|---|
| 1st | ਆਸਾ ਸਿੰਘ S/o ਅਵਤਾਰ ਸਿੰਘ, ਲੁਧਿਆਣਾ |
| 2nd | ਇੰਦਰ ਕੌਰ D/o ਇੰਦਰਪਾਲ ਸਿੰਘ, ਪੰਡੋਹ |
| 2nd | ਸ਼ਰਨ ਕੌਰ D/o ਸੋਹਨ ਸਿੰਘ, ਐਲਨਾਬਾਦ |
| 3rd | ਦਿਆਲ ਸਿੰਘ S/o ਦਲਜੀਤ ਸਿੰਘ, ਨਵੀਂ ਦਿਲੀ |
| 3rd | ਗੰਗਾ ਕੌਰ D/o ਗੁਰਪ੍ਰੀਤ ਸਿੰਘ, ਰੂਪਨਗਰ |
| Cons. | ਸੰਤ ਕੌਰ D/o ਸੰਦੀਪ ਸਿੰਘ, ਰਾਮਪੁਰਾ ਫੂਲ |
| Cons. | ਪ੍ਰੀਤਮ ਕੌਰ D/o ਅਮੀਰ ਸਿੰਘ, ਸਿਰਸਾ |

### ਸੁੰਦਰ ਲਿਖਾਈ (12-16 ਸਾਲ)

| ਸਥਾਨ | ਨਾਮ |
|---|---|
| 1st | ਗੁਰਮੀਤ ਕੌਰ D/o ਹਰਮੀਤ ਸਿੰਘ, ਲੁਧਿਆਣਾ |
| 2nd | ਰਾਜ ਕੌਰ D/o ਰਜਿੰਦਰ ਸਿੰਘ, ਫਿਲੌਰ |
| 3rd | ਸੰਤ ਕੌਰ D/o ਸਤਪਾਲ ਸਿੰਘ, ਮੰਡੀ (H.P) |
| Cons. | ਨਵਜੀਤ ਕੌਰ D/o ਹਰਜੀਤ ਸਿੰਘ, ਲੁਧਿਆਣਾ |
| Cons. | ਲਖਬੀਰ ਕੌਰ D/o ਲਖਨਪਾਲ ਸਿੰਘ, ਮੰਡੀ |

### ਦਸਤਾਰ (12-16 ਸਾਲ)

| ਸਥਾਨ | ਨਾਮ |
|---|---|
| 1st | ਲੱਖਾ ਸਿੰਘ S/o ਡਾ. ਲਖਵੀਰ ਸਿੰਘ ਨਾਮਧਾਰੀ, ਰਾਮਪੁਰਾ |
| 2nd | ਗੋਬਿੰਦ ਸਿੰਘ S/o ਗੁਰਮੁੱਖ ਸਿੰਘ, ਨਵੀਂ ਦਿੱਲੀ |
| 3rd | ਦਰਸ਼ਨ ਸਿੰਘ S/o ਗੁਰਪ੍ਰੀਤ ਸਿੰਘ, ਨਵੀਂ ਦਿੱਲੀ |
| Cons. | ਪ੍ਰੇਮ ਪ੍ਰੀਤ ਸਿੰਘ S/o ਪਰਮਿੰਦਰ ਸਿੰਘ, ਜਲੰਧਰ |

### ਢੋਲਕੀ (12-16 ਸਾਲ)

| ਸਥਾਨ | ਨਾਮ |
|---|---|
| 1st | ਤਰਨ ਸਿੰਘ S/o ਤਜਿੰਦਰ ਸਿੰਘ, ਲੁਧਿਆਣਾ |
| 2nd | ਦਰਸ਼ਨ ਸਿੰਘ S/o ਦਵਿੰਦਰ ਸਿੰਘ ਬਲਿਹਾਰਜਾਵਾ, ਨਵੀਂ ਦਿਲੀ |
| 3rd | ਮਿੰਦਰ ਸਿੰਘ S/o ਪਰਮਿੰਦਰ ਸਿੰਘ ਸੰਧੂ, ਨਵੀਂ ਦਿਲੀ |
| Cons. | ਸੰਤਾ ਸਿੰਘ S/o ਅਜਾਇਬ ਸਿੰਘ, ਗੁਰਾਇਆ |

### ਤਬਲਾ (12-16 ਸਾਲ)

| ਸਥਾਨ | ਨਾਮ |
|---|---|
| 1st | ਭਰਪੂਰ ਸਿੰਘ S/o ਭੁਪਿੰਦਰ ਸਿੰਘ, ਫਤਿਹਗੜ੍ਹ ਸਾਹਿਬ |
| 2nd | ਦਿਦਾਰ ਸਿੰਘ S/o ਦਵਿੰਦਰ ਸਿੰਘ, ਸਰੀ |
| 2nd | ਹਰਮਨ ਸਿੰਘ S/o ਹੀਰਾ ਸਿੰਘ, ਮੰਡੀ |
| 3rd | ਮਨਨਦੀਪ ਸਿੰਘ S/o ਮਲਕੀਤ ਸਿੰਘ, ਕੁਰੂਕੁਸ਼ੇਤਰਾ |
| Cons. | ਅਨਹਦ ਸਿੰਘ S/o ਕਰੁਣਜੀਤ ਸਿੰਘ, ਮੈਲਬੌਰਨ |
| Cons. | ਆਸਾ ਸਿੰਘ S/o ਅੰਮ੍ਰਿਤਪਾਲ ਸਿੰਘ, ਜਲੰਧਰ |

### ਤੰਤੀ ਸਾਜ (12-16 ਸਾਲ)

| ਸਥਾਨ | ਨਾਮ |
|---|---|
| 1st | ਗੰਗਾ ਕੌਰ D/o ਗੁਰਪ੍ਰੀਤ ਸਿੰਘ, ਬ੍ਰਿਮਿੰਗਮ |
| 2nd | ਹਰਗੁਣ ਕੌਰ D/o ਹਰਪਾਲ ਸਿੰਘ, ਨਵੀਂ ਦਿੱਲੀ |
| 3rd | ਸੰਤ ਕੌਰ D/o ਸਾਹਿਬ ਸਿੰਘ, ਲੁਧਿਆਣਾ |

### ਪੇਂਟਿੰਗ (12-16 ਸਾਲ)

| ਸਥਾਨ | ਨਾਮ |
|---|---|
| 1st | ਸਿਮਰਪ੍ਰੀਤ ਕੌਰ D/o ਹਰਭਜਨ ਸਿੰਘ, ਯਮੁਨਾ ਨਗਰ |
| 2nd | ਜਸ਼ਪਾਲ ਸਿੰਘ S/o ਯਾਦਵਿੰਦਰ ਸਿੰਘ, ਐਲਨਾਬਾਦ |

2nd ਰਾਜ ਕੌਰ D/o ਰਜਿੰਦਰ ਕੌਰ, ਫਿਲੌਰ
3rd ਹਰਦੇਵ ਕੌਰ D/o ਹਰਮੀਤ ਕੌਰ, ਨਵੀਂ ਦਿਲੀ
Cons. ਗੰਗਾ ਕੌਰ D/o ਗੁਰਦੀਪ ਸਿੰਘ, ਯਮੁਨਾ ਨਗਰ

### ਕਵੀਸ਼ਰੀ (12–16 ਸਾਲ)

| ਸਥਾਨ | ਨਾਮ |
|---|---|
| 1st | ਟੀਮ ਸ੍ਰੀ ਭੈਣੀ ਸਾਹਿਬ (ਵਰਿੰਦਰ ਸਿੰਘ ਅਤੇ ਜਥਾ) |
| 2nd | ਟੀਮ ਅੰਮ੍ਰਿਤਸਰ (ਦਿਲਪ੍ਰੀਤ ਕੌਰ ਅਤੇ ਜਥਾ) |
| 3rd | ਟੀਮ ਐਲਨਾਬਾਦ (ਸੁਹੇਲ ਸਿੰਘ ਅਤੇ ਜਥਾ) |
| Cons. | ਟੀਮ ਬ੍ਰਿਮਟਨ (ਗੁਰਮੀਤ ਸਿੰਘ ਅਤੇ ਜਥਾ) |

### ਗਾਇਨ (12–16 ਸਾਲ)

| ਸਥਾਨ | ਨਾਮ |
|---|---|
| 1st | ਗੁਰਦੇਵ ਕੌਰ D/o ਗੁਰਮੁੱਖ ਸਿੰਘ, ਲੁਧਿਆਣਾ |
| 2nd | ਤਨਵੀਰ ਕੌਰ D/o ਰਣਜੀਤ ਸਿੰਘ, ਮੈਲਬੌਰਨ |
| 2nd | ਗਿਆਨ ਸਿੰਘ S/o ਗੁਰਮੁੱਖ ਸਿੰਘ, ਲੁਧਿਆਣਾ |
| 3rd | ਗੁਰਦੇਵ ਕੌਰ D/o ਗੁਰਬਖਸ਼ ਸਿੰਘ, ਮੰਡੀ |
| Cons. | ਜਸਵੰਤ ਕੌਰ D/o ਜੋਗਿੰਦਰ ਸਿੰਘ, ਕੁੰਡਲੀ |
| Cons. | ਗੁਰਦੇਵ ਕੌਰ D/o ਗੁਰਪ੍ਰੀਤ ਸਿੰਘ, ਰੂਪਨਗਰ |

### ਭਾਸ਼ਣ (12–16 ਸਾਲ)

| ਸਥਾਨ | ਨਾਮ |
|---|---|
| 1st | ਮਹਿੰਦਰ ਕੌਰ D/o ਜਤਿੰਦਰ ਸਿੰਘ, ਰਾਣੀਆ |
| 2nd | ਪ੍ਰਕਾਸ਼ ਕੌਰ D/o ਪਲਵਿੰਦਰ ਸਿੰਘ, SPS ਅਕਾਦਮੀ, ਸ੍ਰੀ ਭੈਣੀ ਸਾਹਿਬ |
| 3rd | ਹਰਮਨ ਕੌਰ D/o ਹੁਸ਼ਿਆਰ ਸਿੰਘ, ਯਮੁਨਾ ਨਗਰ |
| 3rd | ਰਤਨ ਕੌਰ D/o ਰਜਿੰਦਰ ਸਿੰਘ, ਰਾਣੀਆ |
| Cons. | ਅਜੀਤ ਸਿੰਘ S/o ਅਮਰਜੀਤ ਸਿੰਘ ਭੁਰਜੀ, ਵਿਕਟੋਰੀਆ |

### ਸ਼ੁੱਧ ਗੁਰਬਾਣੀ (12–16 ਸਾਲ)

| ਸਥਾਨ | ਨਾਮ |
|---|---|
| 1st | ਆਤਮਾ ਸਿੰਘ S/o ਸੇਵਕ ਆਸਾ ਸਿੰਘ, SPS ਅਕਾਦਮੀ, ਸ੍ਰੀ ਭੈਣੀ ਸਾਹਿਬ, |
| 1st | ਵੀਰ ਸਿੰਘ S/o ਵਰਿਆਮ ਸਿੰਘ ਲਾਂਗਰੀ, ਸ੍ਰੀ ਭੈਣੀ ਸਾਹਿਬ |
| 2nd | ਵਰਿੰਦਰ ਸਿੰਘ S/o ਵਰਿਆਮ ਸਿੰਘ, SPS ਅਕਾਦਮੀ, ਸ੍ਰੀ ਭੈਣੀ ਸਾਹਿਬ |
| 2nd | ਸੰਤ ਕੌਰ D/o ਸਾਹਿਬ ਸਿੰਘ, SPS ਅਕਾਦਮੀ, ਸ੍ਰੀ ਭੈਣੀ ਸਾਹਿਬ |
| 3rd | ਰਛਪਾਲ ਸਿੰਘ S/o ਰਤਨ ਸਿੰਘ, SPS ਅਕਾਦਮੀ, ਸ੍ਰੀ ਭੈਣੀ ਸਾਹਿਬ |
| 3rd | ਆਸਾ ਸਿੰਘ S/o ਅਜਮੇਰ ਸਿੰਘ, SPS ਅਕਾਦਮੀ, ਸ੍ਰੀ ਭੈਣੀ ਸਾਹਿਬ |
| Cons. | ਹਰਮਨ ਸਿੰਘ S/o ਹੀਰਾ ਸਿੰਘ, SPS ਅਕਾਦਮੀ, ਸ੍ਰੀ ਭੈਣੀ ਸਾਹਿਬ, |
| Cons. | ਹਰਦਿਆਲ ਸਿੰਘ S/o ਹਰਵਿੰਦਰ ਸਿੰਘ, ਦਿੱਲੀ |
| Cons. | ਗਿਆਨ ਕੌਰ D/o ਗੁਰਦਿਆਲ ਸਿੰਘ, ਬੰਗਲੌਰ |
| Cons. | ਗੁਰਦੇਵ ਕੌਰ D/o ਗੁਰਦੀਪ ਸਿੰਘ, SPS ਅਕਾਦਮੀ, ਸ੍ਰੀ ਭੈਣੀ ਸਾਹਿਬ |

### ਕਵਿਤਾ (16–40 ਸਾਲ)

| ਸਥਾਨ | ਨਾਮ |
|---|---|
| 1st | ਗੁਰਜੋਬਨ ਸਿੰਘ S/o ਸੰਤ ਨਿਸ਼ਾਨ ਸਿੰਘ, ਕੈਨੇਡਾ |
| 2nd | ਅਨੂਪ ਸਿੰਘ S/o ਬਲਵਿੰਦਰ ਸਿੰਘ, ਸਰੀ |
| 2nd | ਜਸਪ੍ਰੀਤ ਕੌਰ D/o ਭਗਵੰਤ ਸਿੰਘ, ਲੁਧਿਆਣਾ |
| 3rd | ਜੈ ਕੌਰ D/o ਜਸਵਿੰਦਰ ਸਿੰਘ, ਲੁਧਿਆਣਾ |
| Cons. | ਸੁਖਵੰਤ ਕੌਰ D/o ਸੁਖਬੀਰ ਸਿੰਘ ਬੱਬਰ, ਬੈਂਗਲੌਰ |
| Cons. | ਹਰਪ੍ਰੀਤ ਕੌਰ D/o ਬਲਵਿੰਦਰ ਸਿੰਘ, ਨਵੀਂ ਦਿਲੀ |

### ਦਸਤਾਰ (16–40 ਸਾਲ)

| ਸਥਾਨ | ਨਾਮ |
|---|---|
| 1st | ਸਚਿਆਰ ਸਿੰਘ S/o ਜਸਵਿੰਦਰ ਪਾਲ ਸਿੰਘ ਗੁਲਾਟੀ, ਦਿਲੀ |
| 2nd | ਸੰਤਾ ਸਿੰਘ S/o ਸਤਵੀਰ ਸਿੰਘ, ਲੁਧਿਆਣਾ |
| 3rd | ਸ਼ਿਆਮ ਸਿੰਘ S/o ਸਤਿੰਦਰ ਸਿੰਘ, ਲੁਧਿਆਣਾ |
| Cons. | ਮਨਜੀਤ ਸਿੰਘ S/o ਸੁਰਜੀਤ ਸਿੰਘ, ਨਵੀਂ ਦਿਲੀ |
| Cons. | ਨੱਥਾ ਸਿੰਘ S/o ਨਰਿੰਦਰ ਸਿੰਘ, ਯਮੁਨਾ ਨਗਰ |

### ਪੇਂਟਿੰਗ (16–40 ਸਾਲ)

| ਸਥਾਨ | ਨਾਮ |
|---|---|
| 1st | ਹਰਪ੍ਰੀਤ ਕੌਰ D/o ਰਾਜਿੰਦਰ ਸਿੰਘ, ਫਿਲੌਰ |
| 1st | ਦਲਜੀਤ ਕੌਰ D/o ਕਰਨੈਲ ਸਿੰਘ, ਜਲੰਧਰ |
| 2nd | ਮਾਨ ਕੌਰ D/o ਮੰਗਲਜੀਤ ਸਿੰਘ, ਨਵੀਂ ਦਿਲੀ |
| 3rd | ਜੈ ਕੌਰ D/o ਜੋਗਾ ਸਿੰਘ, ਜੰਮੂ |
| Cons. | ਨਵਜੋਤ ਕੌਰ D/o ਦਵਿੰਦਰ ਸਿੰਘ, ਸਿਰਸਾ |

### ਗਾਇਨ (16–40 ਸਾਲ)

| ਸਥਾਨ | ਨਾਮ |
|---|---|
| 1st | ਜਸਵੰਤ ਕੌਰ D/o ਜਗਦੀਪ ਸਿੰਘ, ਲੁਧਿਆਣਾ |
| 2nd | ਹਰਜੀਤ ਕੌਰ D/o ਬਲਵਿੰਦਰ ਸਿੰਘ, ਐਲਨਾਬਾਦ |
| 2nd | ਅਜਮੇਰ ਕੌਰ D/o ਅਤਰ ਸਿੰਘ, ਨਵੀਂ ਦਿਲੀ |
| 3rd | ਅਨਮੋਲ ਪ੍ਰੀਤ ਕੌਰ D/o ਰਾਜਿੰਦਰ ਸਿੰਘ, ਜਲੰਧਰ |
| Cons. | ਸਿਦਕ ਕੌਰ D/o ਰੁਪਿੰਦਰ ਸਿੰਘ, ਚੰਡੀਗੜ੍ਹ |
| Cons. | ਦਰਸ਼ਨ ਕੌਰ D/o ਦਲਜੀਤ ਸਿੰਘ, ਜਲੰਧਰ |

### ਕੁਕਿੰਗ (16–40 ਸਾਲ)

| ਸਥਾਨ | ਨਾਮ |
|---|---|
| 1st | ਅਵਤਾਰ ਸਿੰਘ S/o ਨਰਿੰਦਰ ਕੌਰ, ਵਿੰਡਸਰ, ਯੂ.ਕੇ. |
| 1st | ਬਸੰਤ ਸਿੰਘ S/o ਬਲਬੀਰ ਸਿੰਘ ਚਾਨਾ, ਕਨੇਡਾ |
| 2nd | ਆਤਮਾ ਕੌਰ D/o ਨਰਿੰਦਰ ਕੌਰ, ਵਿੰਡਸਰ, ਯੂ.ਕੇ. |
| 2nd | ਅੰਮ੍ਰਿਤ ਕੌਰ ਭੁਰਜੀ D/o ਅਮਰਜੀਤ ਸਿੰਘ ਭੁਰਜੀ, ਮੈਲਬੋਰਨ |
| 3rd | ਹਰਸਿਮਰਨ ਕੌਰ D/o ਹਰਵਿੰਦਰ ਸਿੰਘ, ਨਵੀਂ ਦਿੱਲੀ |
| 3rd | ਸਨੇਹਾ ਕੌਰ D/o (ਸਵ.) ਦੇਵਿੰਦਰ ਸਿੰਘ, ਦਿੱਲੀ |
| 3rd | ਇੰਦਰ ਜੀਤ ਕੌਰ D/o ਪਰਮਜੀਤ ਸਿੰਘ, ਬ੍ਰਿਸਬੇਨ |
| 3rd | ਅਰਜੁਨ ਕੌਰ ਭੁਰਜੀ ਤੇ ਆਤਮਾ ਕੌਰ D/o ਸੂਬਾ ਅਰਵਿੰਦ ਸਿੰਘ, ਨਵੀਂ ਦਿੱਲੀ |
| Cons. | ਕੁਲਦੀਪ ਕੌਰ D/o ਸੁਖਦੇਵ ਸਿੰਘ, ਰੂਪਨਗਰ |
| Cons. | ਬਲਦੇਵ ਕੌਰ ਸੱਚਦੇਵ D/o ਬਲਬੀਰ ਸਿੰਘ ਸੱਚਦੇਵ, ਬੈਂਕੋਕ |
| Cons. | ਭੁਪਿੰਦਰ ਕੌਰ D/o ਗੁਰਬਚਨ ਸਿੰਘ, ਚੰਡੀਗੜ੍ਹ, ਰਹਿਮਤ ਕੌਰ D/o ਗੁਨੀਤ ਪਾਲ ਸਿੰਘ, ਚੰਡੀਗੜ੍ਹ |

### ਸ਼ੁੱਧ ਗੁਰਬਾਣੀ (16–40 ਸਾਲ)

| ਸਥਾਨ | ਨਾਮ |
|---|---|
| 1st | ਸ਼ਰਨਜੀਤ ਕੌਰ D/o ਸੁਬੇਗ ਸਿੰਘ, ਬੰਗਲੌਰ |
| 1st | ਰਛਪਾਲ ਸਿੰਘ S/o ਰਤਨ ਸਿੰਘ, SPS ਅਕਾਦਮੀ, ਸ੍ਰੀ ਭੈਣੀ ਸਾਹਿਬ |
| 2nd | ਗੁਰਦਿਆਲ ਵਿਰਕ S/o ਰਣਬੀਰ ਸਿੰਘ, ਬ੍ਰਿਸਬੇਨ |
| 2nd | ਗੁਰਸ਼ਰਨ ਕੌਰ D/o ਗੁਰਦੀਪ ਸਿੰਘ, SPS ਅਕਾਦਮੀ, ਸ੍ਰੀ ਭੈਣੀ ਸਾਹਿਬ |
| 3rd | ਅਜਮੇਰ ਕੌਰ D/o ਅਤਰ ਸਿੰਘ, ਨਵੀਂ ਦਿੱਲੀ |
| 3rd | ਦਰਸ਼ਨ ਸਿੰਘ S/o ਦਵਿੰਦਰ ਸਿੰਘ, ਲੁਧਿਆਣਾ |
| 3rd | ਗੁਰਜੋਬਨ ਸਿੰਘ S/o ਸੰਤ ਨਿਸ਼ਾਨ ਸਿੰਘ, ਕੈਨੇਡਾ |
| Cons. | ਦਿਲਪ੍ਰੀਤ ਕੌਰ D/o ਮੋਹਨ ਸਿੰਘ, ਮੈਲਬੋਰਨ |
| Cons. | ਸੁਮਿੱਤਰ ਸਿੰਘ ਵਿਰਦੀ S/o ਰਾਜਿੰਦਰ ਸਿੰਘ, ਮੈਲਬੋਰਨ |

### ਭਾਸ਼ਣ (16–40 ਸਾਲ)

| ਸਥਾਨ | ਨਾਮ |
|---|---|
| 1st | ਹਰਦਿਆਲ ਕੌਰ D/o ਹਰਮੀਤ ਸਿੰਘ, ਮੁਜ਼ੱਫਰ ਨਗਰ |
| 2nd | ਪੁਸ਼ਪਿੰਦਰ ਕੌਰ D/o ਲਖਵੀਰ ਸਿੰਘ, ਕਨੇਡਾ |
| 2nd | ਆਸਾ ਸਿੰਘ S/o ਸੰਤ ਅਮੋਲਕ ਸਿੰਘ, ਨਵੀਂ ਦਿਲੀ |
| 2nd | ਪ੍ਰਭਜੋਤ ਕੌਰ D/o ਭੁਪਿੰਦਰ ਸਿੰਘ, ਜਲੰਧਰ |
| 3rd | ਸੰਤ ਕੌਰ D/o ਸਤਪਾਲ ਸਿੰਘ, ਯਮੁਨਾ ਨਗਰ |
| 3rd | ਨਵਨੀਤ ਕੌਰ D/o ਬਲਵਿੰਦਰ ਸਿੰਘ, ਨਵੀਂ ਦਿੱਲੀ |
| Cons. | ਬਲਦੇਵ ਸਿੰਘ S/o ਬਲਬੀਰ ਸਿੰਘ, ਲੁਧਿਆਣਾ |
| Cons. | ਸੁਖਮੀਤ ਕੌਰ D/o ਰਤਨ ਸਿੰਘ, ਰਾਣੀਆਂ |

### ਢੋਲਕੀ (16–40 ਸਾਲ)

| ਸਥਾਨ | ਨਾਮ |
|---|---|
| 1st | ਰਤਨ ਸਿੰਘ S/o ਰਘੁਬੀਰ ਸਿੰਘ, ਯਮੁਨਾ ਨਗਰ |
| 2nd | ਜੈ ਕੌਰ D/o ਜਗਦੀਪ ਸਿੰਘ, ਲੁਧਿਆਣਾ |
| 3rd | ਬਲਦੇਵ ਸਿੰਘ S/o ਬਲਬੀਰ ਸਿੰਘ, ਲੁਧਿਆਣਾ |
| Cons. | ਬਸੰਤ ਸਿੰਘ S/o ਬਲਬੀਰ ਸਿੰਘ, ਲੁਧਿਆਣਾ |

### ਤਬਲਾ (16–40 ਸਾਲ)

| ਸਥਾਨ | ਨਾਮ |
|---|---|
| 1st | ਬਿਆਰਾ ਸਿੰਘ S/o ਬਲਦੇਵ ਸਿੰਘ, ਸਿਰਸਾ |
| 2nd | ਆਸਾ ਸਿੰਘ S/o ਅਮਰਜੀਤ ਸਿੰਘ, ਪੇਹੋਵਾ |
| 3rd | ਰੇਸ਼ਮ ਸਿੰਘ S/o ਰਛਪਾਲ ਸਿੰਘ, ਜਲੰਧਰ |

### ਕਵੀਸ਼ਰੀ (16–40 ਸਾਲ)

| ਸਥਾਨ | ਨਾਮ |
|---|---|
| 1st | ਟੀਮ ਸ੍ਰੀ ਭੈਣੀ ਸਾਹਿਬ (ਗੁਰਸ਼ਰਨ ਕੌਰ ਅਤੇ ਜਥਾ) |
| 2nd | ਟੀਮ ਜਲੰਧਰ (ਪ੍ਰਭਜੋਤ ਕੌਰ ਅਤੇ ਜਥਾ) |
| 3rd | ਟੀਮ ਸਰ੍ਹੀ ਕੈਨੇਡਾ (ਅਜੀਤ ਸਿੰਘ ਅਤੇ ਜਥਾ) |
| Cons. | ਟੀਮ ਦਿਲੀ (ਆਸਾ ਸਿੰਘ ਅਤੇ ਜਥਾ) |

### ਤੰਤੀ ਸਾਜ (16–40 ਸਾਲ)

| ਸਥਾਨ | ਨਾਮ |
|---|---|
| 1st | ਰਣਜੀਤ ਕੌਰ D/o ਗੁਰਜੰਟ ਸਿੰਘ ਢਿੱਲੋਂ, ਲੁਧਿਆਣਾ |
| 2nd | ਗੁਰਦੇਵ ਕੌਰ D/o ਗੁਰਮੀਤ ਸਿੰਘ, ਜਲੰਧਰ |
| 3rd | ਅਤਰ ਸਿੰਘ S/o ਸੂਬਾ ਅਰਵਿੰਦ ਸਿੰਘ ਭੁਰਜੀ,ਦਿੱਲੀ |

Cons. ਆਸਾ ਸਿੰਘ S/o ਅਮਰੀਕ ਸਿੰਘ, ਨਵੀਂ ਦਿਲੀ

### ਕਵਿੱਜ਼ (16-40 ਸਾਲ)

| ਸਥਾਨ | ਨਾਮ |
|---|---|
| 1st | ਦਿਆਲ ਕੌਰ D/o ਦਲਜੀਤ ਸਿੰਘ, ਜਲੰਧਰ |
| 2nd | ਦਲਬੀਰ ਸਿੰਘ S/o ਦਲਜੀਤ ਸਿੰਘ, ਜਲੰਧਰ |
| 2nd | ਦਰਸ਼ਨ ਕੌਰ D/o ਦਲਜੀਤ ਸਿੰਘ, ਜਲੰਧਰ |
| 3rd | ਮੁਖਤਿਆਰ ਕੌਰ D/o ਮਨਜੀਤ ਸਿੰਘ, ਲੁਧਿਆਣਾ |
| Cons. | ਬਲਦੇਵ ਸਿੰਘ S/o ਬਲਬੀਰ ਸਿੰਘ, ਲੁਧਿਆਣਾ |
| Cons. | ਮਾਨ ਕੌਰ D/o ਮਨਜੀਤ ਸਿੰਘ, ਲੁਧਿਆਣਾ |

### ਸ਼ੁੱਧ ਗੁਰਬਾਣੀ (ਵਿਸ਼ੇਸ਼ ਵਰਗ)

| ਸਥਾਨ | ਨਾਮ |
|---|---|
| 1st | ਗੁਰਮੇਲ ਕੌਰ D/o ਗੁਰਦੇਵ ਸਿੰਘ, ਇਟਲੀ |
| 1st | ਜਥਾ ਹਰਪਾਲ ਸਿੰਘ S/o ਸੁਰਿੰਦਰਾ ਸਿੰਘ, ਸ੍ਰੀ ਭੈਣੀ ਸਾਹਿਬ |
| 2nd | ਪਰਮਜੀਤ ਸਿੰਘ S/o ਬਲਵੰਤ ਸਿੰਘ, ਜਲੰਧਰ |
| 2nd | ਰਮਨੀਕ ਕੌਰ D/o ਰਾਜਪਾਲ ਸਿੰਘ, ਸੁੰਦਰ ਨਗਰ |
| 3rd | ਸਤਨਾਮ ਕੌਰ D/o ਜਸਵੰਤ ਸਿੰਘ, ਜਲੰਧਰ |
| 3rd | ਤਜਿੰਦਰ ਕੌਰ D/o ਪਰਮਜੀਤ ਸਿੰਘ, ਮੰਡੀ |

### ਕਵਿਤਾ (ਵਿਸ਼ੇਸ਼ ਵਰਗ)

| ਸਥਾਨ | ਨਾਮ |
|---|---|
| 1st | ਗੁਰਜੋਬਨ ਸਿੰਘ S/o ਸੰਤ ਨਿਸ਼ਾਨ ਸਿੰਘ, ਕੈਨੇਡਾ |
| 2nd | ਸੰਦੀਪ ਸਿੰਘ S/o ਸਿੰਦਰ ਸਿੰਘ, ਰਾਮਪੁਰਾ |
| 3rd | ਨਰਿੰਦਰ ਕੌਰ D/o ਰੂਪ ਸਿੰਘ, ਚੰਡੀਗੜ੍ਹ |
| Cons. | ਪਰਮਜੀਤ ਕੌਰ D/o ਸੇਵਾ ਸਿੰਘ, ਮੰਡੀ |
| Cons. | ਰਣਵੀਰ ਸਿੰਘ S/o ਜਥੇ. ਸੇਵਾ ਸਿੰਘ, ਸਿਰਸਾ |

### ਭਾਸ਼ਣ (ਵਿਸ਼ੇਸ਼ ਵਰਗ)

| ਸਥਾਨ | ਨਾਮ |
|---|---|
| 1st | ਸੰਦੀਪ ਸਿੰਘ S/o ਸਿੰਦਰ ਸਿੰਘ, ਰਾਮਪੁਰਾ ਫੂਲ |
| 2nd | ਹਰਵਿੰਦਰ ਕੌਰ D/o ਸਵਿੰਦਰ ਸਿੰਘ, ਨਵੀਂ ਦਿਲੀ |
| 3rd | ਗੁਰਵਿੰਦਰ ਸਿੰਘ ਬਮਰ੍ਹਾ S/o ਬਲਦੇਵ ਸਿੰਘ, ਬੰਗਲੌਰ |
| Cons. | ਮਨਪ੍ਰੀਤ ਕੌਰ D/o ਅਵਤਾਰ ਸਿੰਘ, ਅੰਮ੍ਰਿਤਸਰ |
| Cons. | ਮਨਜੀਤ ਸਿੰਘ S/o ਸੁਰਜੀਤ ਸਿੰਘ, ਨਵੀਂ ਦਿਲੀ |

### ਰੰਗੋਲੀ

| ਸਥਾਨ | ਨਾਮ |
|---|---|
| 1st | ਕਿਰਨਦੀਪ ਕੌਰ D/o ਕੁਲਦੀਪ ਸਿੰਘ, ਲੁਧਿਆਣਾ |
| 2nd | ਦਲਜੀਤ ਕੌਰ D/o ਕਰਨੈਲ ਸਿੰਘ, ਜਲੰਧਰ |
| 2nd | ਸਤਿੰਦਰ ਕੌਰ D/o ਹਰਚੰਦ ਸਿੰਘ, ਫਿਲੌਰ |
| 3rd | ਗੰਗਾ ਕੌਰ D/o ਗੁਰਮੀਤ ਸਿੰਘ, ਗੁਰਾਇਆ |
| 3rd | ਸਤਿੰਦਰ ਕੌਰ D/o ਮੱਖਣ ਸਿੰਘ, ਫਗਵਾੜਾ |
| Cons. | ਗੁਰਜੀਤ ਕੌਰ D/o ਬਲਦੇਵ ਸਿੰਘ, ਲੁਧਿਆਣਾ |

### ਯੋਗਾ

| ਸਥਾਨ | ਨਾਮ |
|---|---|
| 1st | ਜਗਦੇਵ ਕੌਰ D/o ਜਵਾਲਾ ਸਿੰਘ, ਸੁੰਦਰ ਨਗਰ |
| 2nd | ਕੋਮਲ ਕੌਰ D/o ਜਗਦੀਸ਼ ਸਿੰਘ, ਬੰਗਲੌਰ |
| 3rd | ਮਹਾ ਸਿੰਘ S/o ਮਨਜੀਤ ਸਿੰਘ, ਸੁੰਦਰ ਨਗਰ |
| 3rd | ਕੁਲਵਿੰਦਰ ਕੌਰ D/o ਸ਼ਬੇਗ ਸਿੰਘ, ਐਲਨਾਬਾਦ |
| 3rd | ਮੋਹਨ ਸਿੰਘ S/o ਮਹਿੰਦਰ ਸਿੰਘ, ਬੰਗਲੌਰ |
| Cons. | ਮਨਜਿੰਦਰ ਕੌਰ D/o ਮਨਜੀਤ ਸਿੰਘ, ਨਵੀਂ ਦਿੱਲੀ |

### ਨਾਟਕ

| ਸਥਾਨ | ਨਾਮ |
|---|---|
| 1st | ਟੀਮ ਹੈਦਰਾਬਾਦ |
| 1st | ਟੀਮ ਰਾਣੀਆਂ |
| 2nd | ਟੀਮ ਸਾਹਿਬਪੁਰਾ (ਦਿੱਲੀ |
| 2nd | ਟੀਮ ਬਜੀਦਪੁਰ |
| 3rd | ਟੀਮ ਸਾਹਿਬਪੁਰਾ (ਦਿੱਲੀ) |
| Cons. | ਟੀਮ ਫਗਵਾੜਾ |

**ਕਿਸੇ ਕੌਮ ਦਾ ਸ਼ਿੰਗਾਰ ਘਟੀਆ**
**ਵਿਚਾਰਾਂ ਵਾਲੇ ਵੱਡੇ ਆਦਮੀ ਨਹੀਂ ਹੁੰਦੇ**
**ਸਗੋਂ ਉੱਚੇ ਵਿਚਾਰਾਂ ਵਾਲੇ**
**ਛੋਟੇ ਆਦਮੀ ਹੁੰਦੇ ਹਨ।**

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਿੱਲੀ ਵਿਖੇ ਦਰਸ਼ਨ

**25 ਤੋਂ 27 ਜੁਲਾਈ 2021**

ਜਿਉ ਅੰਧਕਾਰ ਦੀਪਕ ਪਰਗਾਸੁ ॥
ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥

ਗੁਰੂ ਦੇ ਦਰਸ਼ਨਾਂ ਦਾ ਮਹੱਤਵ ਉਪਰੋਕਤ ਲਿਖੀ ਗੁਰਬਾਣੀ ਦੀ ਪੰਕਤੀ ਨਾਲ ਬਹੁਤ ਸਪੱਸ਼ਟ ਹੁੰਦਾ ਹੈ ਅਤੇ ਸਦਾ ਹੀ ਸਿੱਖ ਗੁਰੂ ਦੇ ਦਰਸ਼ਨਾਂ ਦੀ ਤਾਂਘ ਮਨ ਵਿੱਚ ਰੱਖਦੇ ਹਨ। ਜਦੋਂ ਸਿੱਖਾਂ ਨੂੰ ਸਤਿਗੁਰੂ ਦੇ ਆਪਣੇ ਘਰ ਜਾਂ ਨਗਰ ਵਿਚ ਆਉਣ ਦਾ ਪਤਾ ਲੱਗਦਾ ਤਾਂ ਸਿੱਖ ਦੇ ਮਨ ਵਿੱਚ ਚਾਅ ਚੜ੍ਹ ਜਾਂਦਾ ਹੈ।

ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥
ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥

ਏਦਾਂ ਹੀ ਨਾਮਧਾਰੀ ਸੰਗਤ ਦਿੱਲੀ ਨੂੰ ਚਾਅ ਚੜ੍ਹ ਗਿਆ ਜਦੋਂ ਪਤਾ ਲੱਗਾ ਕੇ ਕੋਰੋਨਾ ਕਾਲ ਕਰਕੇ ਲੰਮੇ ਸਮੇਂ ਬਾਅਦ ਹਜ਼ੂਰ ਸਤਿਗੁਰੂ ਜੀ ਮਿਤੀ **25-7-2021** ਨੂੰ ਨਾਮਧਾਰੀ ਗੁਰਦੁਆਰਾ ਦਿੱਲੀ ਵਿਖੇ ਦਰਸ਼ਨ ਦੇ ਰਹੇ ਹਨ। ਸੋਸ਼ਲ ਮੀਡੀਆ ਅਤੇ ਵਟਸਐਪ ਗਰੁੱਪਾਂ 'ਚ ਸਤਿਗੁਰੂ ਜੀ ਦੇ ਦਿੱਲੀ ਦਰਸ਼ਨ ਦੇਣ ਦੀਆਂ ਖ਼ਬਰਾਂ ਪ੍ਰਾਪਤ ਹੋਣ ਲੱਗੀਆਂ। ਗੁਰਦੁਆਰਾ ਰਮੇਸ਼ ਨਗਰ (ਦਿਲੀ) ਦੀ ਆਭਾ ਨੂੰ ਸੇਵਾਦਾਰਾਂ ਦੁਆਰਾ ਫੁੱਲਾਂ ਨਾਲ ਸੰਵਾਰਿਆ ਜਾਣ ਲੱਗ ਪਿਆ ਅਤੇ ਕਰੋਨਾ ਦੇ ਕਾਰਨ ਸਮਾਜਕ ਇਕੱਤਰਤਾ ਨੂੰ ਪੂਰੀ ਤਰ੍ਹਾਂ ਖੁੱਲ੍ਹ ਨਾ ਮਿਲਣ ਕਰਕੇ ਜ਼ਿਆਦਾ ਇਕੱਠ ਨਾ ਕੀਤੇ ਜਾਣ ਦੀ ਵਿਉਂਤਬੰਦੀ ਕੀਤੀ ਗਈ। ਦੁਪਹਿਰ ਕਰੀਬ 2 ਵਜੇ ਆਸਾ ਸਿੰਘ ਸੇਵਕ, ਸਤਨਾਮ ਸਿੰਘ ਸੇਵਕ ਹੋਰ ਪਹਿਰੇ ਵਾਲਿਆਂ ਨਾਲ ਦਿੱਲੀ ਦੇ ਟਰਮੀਨਲ 3 ਏਅਰ ਪੋਰਟ 'ਤੇ ਸ੍ਰੀ ਭੈਣੀ ਸਾਹਿਬ ਤੋਂ ਆ ਪੁੱਜੇ ਸਨ। ਹਰਪਾਲ ਸਿੰਘ, ਸੁੰਦਰ ਸਿੰਘ, ਹਰਜੀ ਸਿੰਘ, ਜੈਪਾਲ ਸਿੰਘ ਦਿੱਲੀ ਦੇ ਕਈ ਨੌਜਵਾਨ ਵੀ ਸ੍ਰੀ ਹਜ਼ੂਰ ਦੇ ਸੁਆਗਤ ਲਈ ਏਅਰ ਪੋਰਟ 'ਤੇ ਪਹੁੰਚ ਗਏ।

ਢਾਈ ਵਜੇ ਦੇ ਕਰੀਬ ਸੇਵਕ ਕਰਤਾਰ ਸਿੰਘ ਨਾਲ ਸਤਿਗੁਰੂ ਉਦੇ ਸਿੰਘ ਜੀ ਹਵਾਈ ਅੱਡੇ 'ਚੋਂ ਬਹਾਰ ਆਣ ਦਰਸ਼ਨ ਦਿੱਤੇ ਨਾਲ ਪਾਇਲਟ ਬੀਬੀ ਕੰਵਲਜੀਤ ਕੌਰ ਅਤੇ ਨੌਜਵਾਨ ਨਰਿੰਦਰ ਸਿੰਘ ਏਅਰਪੋਰਟ 'ਤੇ ਸੇਵਾ ਹਿਤ ਨਾਲ ਸਨ। ਸੇਵਕਾਂ ਤੇ ਦਿੱਲੀ ਦੇ ਨੌਜਵਾਨਾਂ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਨਮਸਕਾਰ ਕੀਤੀ। ਇੱਥੇ ਹੀ ਬੀਬੀ ਸ਼ਰਨਜੀਤ ਕੌਰ ਨੇ ਆਪਣੇ ਲੜਕੇ ਦੇ ਆਨੰਦ ਕਾਰਜ ਦੀ ਆਗਿਆ ਲੈਣ ਲਈ ਅਰਜ਼ ਕੀਤੀ। ਜਿਸਦਾ ਲੜਕਾ ਸੰਤ ਮਹਿੰਦਰ ਸਿੰਘ ਬਾਲੀ ਨਗਰ ਵਾਲਿਆਂ ਦੀ ਪੋਤਰੀ ਵੱਲ ਮੰਗਿਆ ਹੈ। ਏਅਰਪੋਰਟ ਤੋਂ ਗੱਡੀਆਂ 'ਚ ਸਵਾਰ ਹੋ ਗਏ। **ਸ੍ਰੀ ਹਜ਼ੂਰ ਨੇ 17 ਰਾਜੌਰੀ ਗਾਰਡਨ ਹੰਸਪਾਲ ਜੀ ਦੇ ਘਰ ਦਰਸ਼ਨ ਦਿੱਤੇ।** ਫਲ ਆਦਿ ਦਾ ਸੇਵਨ ਕੀਤਾ। ਹੰਸਪਾਲ ਜੀ ਨਾਲ ਬਹੁਤ ਸਮਾਂ ਬਚਨ ਕਰਦਿਆਂ ਲੰਘਿਆ ਅਤੇ ਕਰੀਬ 4:45 'ਤੇ ਗੁਰਦੁਆਰੇ ਲਈ ਰਵਾਨਾ ਹੋਏ, ਜਿੱਥੇ ਗੁਰਦੁਆਰੇ ਦੇ ਸੇਵਾਦਾਰ ਸਵਾਗਤ ਲਈ ਗੁਰਦੁਆਰੇ ਦੇ ਪ੍ਰਵੇਸ਼ ਦੁਆਰ ਅੱਗੇ ਹੱਥ ਜੋੜ ਖੜ੍ਹੇ ਸੀ। ਸਤਿਗੁਰੂ ਜੀ ਆਸਨ 'ਤੇ ਸੁਭਾਇਮਾਨ ਹੋਏ, ਜਥੇ. ਨਿਸ਼ਾਨ ਸਿੰਘ ਨੇ ਸ਼ਾਮ 5 ਵਜੇ ਤੋਂ ਹੱਲੇ ਦਾ ਦੀਵਾਨ ਆਰੰਭ ਕੀਤਾ।

ਵੱਡੇ ਇਕੱਠ 'ਤੇ ਪਾਬੰਦੀ ਦੇ ਚੱਲਦਿਆਂ ਪਹਿਲਾਂ ਦੇ ਉਲੀਕੇ ਪ੍ਰੋਗਰਾਮ ਮੁਤਾਬਕ ਸੰਗਤ ਇਕ-ਇਕ ਕਰਕੇ ਗੁਰਦੁਆਰੇ ਦੇ ਹਾਲ 'ਚ ਪ੍ਰਵੇਸ਼ ਕਰਦੀ ਅਤੇ ਨਮਸਕਾਰ ਕਰ ਬਾਹਰ ਵੱਲ ਵਧ ਜਾਂਦੀ। ਜਿੱਥੇ ਠੰਢੇ ਜਲ ਦੀ ਛਬੀਲ ਲੱਗੀ ਹੋਈ ਸੀ। ਪ੍ਰਸ਼ਾਦ ਪ੍ਰਾਪਤ ਕਰ ਸੰਗਤ ਨੂੰ ਘਰੋ-ਘਰੀ ਵਾਪਸ ਜਾਣ ਦਾ ਹੁਕਮ ਸੀ। ਬੈਠਣ ਦੀ ਮਨਾਹੀ ਸੀ। ਡੇਢ ਘੰਟੇ ਤੋਂ ਵੱਧ ਸਮਾਂ ਸੰਗਤ ਨੂੰ ਨਮਸਕਾਰ ਕਰਨ ਵਿਚ ਲੱਗਾ ਅਤੇ ਦੀਵਾਨ ਸਜਿਆ ਰਿਹਾ। ਉਪਰੰਤ ਦੀਵਾਨ ਦੀ ਸਮਾਪਤੀ ਦੀ ਅਰਦਾਸ ਸੇਵਕ ਆਸਾ ਸਿੰਘ ਨੇ ਕੀਤੀ। ਭਾਵੇਂ ਸੰਗਤ ਗੁਰੂ ਚਰਨਾਂ 'ਚ ਨਮਸਕਾਰ ਕਰ ਦਰਸ਼ਨਾਂ ਨਾਲ ਤ੍ਰਿਪਤ ਹੋ ਕੇ ਘਰੋ-ਘਰੀ ਪਰਤਦੀ ਰਹੀ। ਫੇਰ ਵੀ ਸਮਾਪਤੀ ਵੇਲੇ ਕਾਫ਼ੀ ਸੰਗਤ ਹਾਲ ਅਤੇ ਸਟੇਜ 'ਤੇ ਮੌਜੂਦ ਰਹੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਈ ਵਿਸ਼ੇਸ਼ ਸੱਜਣ ਸਤਿਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਏ। ਸਤਪਾਲ ਸਿੰਘ ਨਾਮਧਾਰੀ, ਹਰਵਿੰਦਰ ਸਿੰਘ ਸਰਨਾ, ਬੀਬੀ ਅਵਨਿੰਦਰ ਕੌਰ, ਬੀਬੀ ਰਵਨੀਤ ਕੌਰ ਮੁੱਖ ਨਾਮ ਸਨ।

ਗੁਰਦੁਆਰੇ ਤੋਂ ਚੱਲ **ਸਤਿਗੁਰੂ ਜੀ ਨੇ ਰਵਿੰਦਰ ਸਿੰਘ ਅਤੇ ਨਵਨੀਤ ਸਿੰਘ ਰੈਬ ਵਾਲਿਆਂ ਦੇ ਘਰ ਰਮੇਸ਼ ਨਗਰ ਜਾ ਦਰਸ਼ਨ ਦਿੱਤੇ।** ਪਿਛਲੇ ਦਿਨੀਂ ਇਨ੍ਹਾਂ ਦੇ ਪਿਤਾ ਸੰਤ ਮੋਹਨ ਸਿੰਘ ਕੋਰੋਨਾ ਕਾਰਨ ਇਸ ਮਾਤ ਲੋਕ ਨੂੰ ਅਲਵਿਦਾ ਆਖ ਗਏ ਸਨ। ਇਹ ਸਾਰਾ ਪਰਿਵਾਰ ਬੜਾ ਗੁਰਸਿੱਖ ਅਤੇ ਗੁਰੂ ਚਰਨਾਂ ਦਾ ਸੇਵਕ ਪਰਿਵਾਰ ਹੈ। ਨਵਨੀਤ ਸਿੰਘ ਚਾਈਨਾ ਵੇਖੇ ਜਾਬ ਕਰਦਾ ਹੈ। ਸਤਿਗੁਰੂ ਜੀ ਨੇ ਸਾਰੇ ਪਰਿਵਾਰ ਨੂੰ ਭਾਣੇ ਦੀ ਸਿੱਖਿਆ ਦੇ ਗੁਰਮਤਿ ਪਾਠ ਪੜ੍ਹਾ ਖੁਸ਼ੀਆਂ ਬਖ਼ਸ਼ੀਆਂ।

ਇਸ ਘਰੋਂ ਬਾਹਰ ਨਿਕਲੇ ਤਾਂ ਇੰਦਰ ਦੇਵ ਤੇਜ਼

ਫੁਹਾਰ ਨਾਲ ਚਰਨ ਪਰਸਣ ਆ ਪਹੁੰਚਿਆ। ਸ੍ਰੀ ਹਜ਼ੂਰ ਦੀਆਂ ਗੱਡੀਆਂ ਦਾ ਕਾਫ਼ਲਾ **ਸੂਬਾ ਅਰਵਿੰਦ ਸਿੰਘ ਜੀ ਦੇ ਮਾਨਸਰੋਵਰ ਨਿਵਾਸ 'ਤੇ ਜਾ ਪੁੱਜਾ।** ਸੂਬਾ ਜੀ ਅਤੇ ਸਪੁੱਤਰ ਅਤਰ ਸਿੰਘ ਅੱਗਲਵਾਂਡੀ ਸਵਾਗਤ ਕਰ ਪਹਿਲੀ ਮੰਜ਼ਿਲ 'ਤੇ ਰਾਜਾ ਰਜਿੰਦਰ ਸਿੰਘ ਕੋਲ ਲੈ ਗਏ। ਪੌੜੀਆਂ ਚੜ੍ਹਦਿਆਂ ਮੈਂ (ਹਰਪਾਲ ਸਿੰਘ ਸੋਧੀ) ਅਰਜ਼ ਕੀਤੀ ਕਿ ਅਤਰ ਸਿੰਘ ਬੀਤੇ ਔਨਲਾਈਨ ਸੰਮੇਲਨ ਦੇ ਤੰਤੀ ਸਾਜ਼ ਮੁਕਾਬਲੇ 'ਚ ਸੀਨੀਅਰ ਗਰੁੱਪ ਵਿੱਚ ਤੀਜੇ ਸਥਾਨ 'ਤੇ ਆਇਆ ਹੈ। ਜਿਸ ਮੁਕਾਬਲੇ ਦੀ ਜੱਜਮੈਂਟ ਕਿਰਪਾਲ ਸਿੰਘ ਇੰਗਲੈਂਡ ਵਾਲਿਆਂ ਨੇ ਕੀਤੀ ਹੈ। ਪਾਤਸ਼ਾਹ ਜੀ ਅਤਰ ਸਿੰਘ ਨੂੰ ਖੁਸ਼ੀਆਂ ਬਖ਼ਸ਼ੀਆਂ ਨਾਲ ਪੁੱਛਿਆ, "ਪਹਿਲਾ ਸਥਾਨ ਕਿਸ ਨੇ ਪ੍ਰਾਪਤ ਕੀਤਾ ਹੈ?" ਮੇਰਾ ਉੱਤਰ ਸੀ ਕਿ ਇਕ ਲੜਕੀ ਹੈ ਭੈਣੀ ਸਾਹਿਬ ਤੋਂ ਸਿਤਾਰ ਵਾਦਕ, ਪਾਤਸ਼ਾਹ ਜੀ ਨੂੰ ਉਸਦੀ ਤਸਵੀਰ ਵਿਖਾਈ ਤਾਂ ਸ੍ਰੀ ਹਜ਼ੂਰ ਜੀ ਨੇ ਪਛਾਣ ਲਿਆ। ਸੇਵਕਾਂ ਨੂੰ ਵੀ ਉਸ ਦਾ ਨਾਮ ਚੇਤੇ ਨਹੀਂ ਸੀ। ਉੱਪਰਲੀ ਮੰਜ਼ਲ 'ਚ ਦਾਖ਼ਲ ਹੋਏ ਤਾਂ ਰਾਜਾ ਰਜਿੰਦਰ ਸਿੰਘ ਅਤੇ ਹੋਰ ਪਰਿਵਾਰ ਨੇ ਨਮਸਕਾਰ ਕੀਤੀ। ਪਾਤਸ਼ਾਹ ਜੀ ਹੁਕਮ ਕੀਤਾ ਕਿ ਰਾਜਾ ਤੇ ਹੁਣ ਬਿਲਕੁਲ ਠੀਕ ਹੋ ਗਿਆ ਹੈ। ਸਭ ਨੇ ਅਰਜ਼ ਕੀਤੀ ਕਿ ਆਪ ਜੀ ਨੇ ਬਖਸ਼ਿਸ਼ ਕੀਤੀ ਹੈ। ਪਾਤਸ਼ਾਹ ਜੀ ਹੁਕਮ ਕੀਤਾ ਕਿ ਬੱਚਿਆਂ ਨੇ ਬੜੀ ਮਿਹਨਤ ਕੀਤੀ ਹੈ, ਬੜੀਆਂ ਅਰਦਾਸਾਂ ਕੀਤੀਆਂ ਹਨ, ਉਸ ਦਾ ਫਲ ਹੈ। ਰਾਜਾ ਜੀ ਪਿਛਲੇ ਕਈ ਸਾਲਾਂ ਤੋਂ ਬੀਮਾਰ ਹਨ ਅਤੇ ਸਾਲ ਪਹਿਲਾਂ ਲੰਮਾ ਸਮਾਂ ਬੰਗਲੌਰ ਦੇ ਇਕ ਹਸਪਤਾਲ 'ਚ ਵੀ ਰਹੇ ਹਨ। ਪਿਛਲੇ ਦਿਨੀਂ ਹੀ ਸੂਬਾ ਜੀ ਦੇ ਸਭ ਤੋਂ ਛੋਟੇ ਭਰਾ ਜਸਵਿੰਦਰ ਸਿੰਘ ਦੀ ਵੀ ਮ੍ਰਿਤੂ ਹੋ ਗਈ ਸੀ। ਜਿਸ ਕਰਕੇ ਉਨ੍ਹਾਂ ਦੀ ਮਾਤਾ ਬਹੁਤ ਵਿਯੋਗ ਕਰ ਰਹੀ ਸੀ, ਪਾਤਸ਼ਾਹ ਜੀ ਨੇ ਭਾਣਾ ਮੰਨਣ ਦਾ ਸਦ ਉਪਦੇਸ਼ ਦੇ ਕੇ ਹੌਂਸਲਾ ਬਖਸ਼ਿਆ।

**ਇਸ ਤੋਂ ਅਗਲਾ ਘਰ ਸਵ. ਸੁਲੱਖਣ ਸਿੰਘ ਠੇਕੇਦਾਰ ਦਾ ਸੀ** ਜੋ ਪਿਛਲੇ ਮਹੀਨਿਆਂ 'ਚ ਕੋਰੋਨਾ ਕਾਰਨ ਸਰੀਰ ਤਿਆਗ ਗਏ ਸਨ। ਠੇਕੇਦਾਰ ਜੀ ਦੀਆਂ ਸਾਰੀਆਂ ਸਪੁੱਤਰੀਆਂ, ਜਵਾਈ, ਲੜਕਾ, ਨੂੰਹ, ਪੋਤਰੇ, ਦੋਹਤਰੇ-ਦੋਹਤਰੀਆਂ ਸ੍ਰੀ ਹਜ਼ੂਰ ਦੇ ਚਰਨਾਂ ਵਿਚ ਹਾਜ਼ਰ ਸਨ। ਪੁੱਤਰ ਰਾਜਾ ਸਿੰਘ ਨੇ ਪਿਤਾ ਪੁਰਖੀ ਸਿੱਖੀ ਦੀ ਦਾਤ ਅੱਗੇ ਵੀ ਪਰਿਵਾਰ 'ਚ ਬਣਾਈ ਰੱਖਣ ਦੀ ਅਰਜ਼ ਕੀਤੀ। ਸੱਚੇ ਪਾਤਸ਼ਾਹ ਜੀ ਨੇ ਸਭ ਨੂੰ ਪਿਆਰ ਬਖ਼ਸ਼ਿਆ। 17 ਡੇਰੇ (ਹੰਸਪਾਲ ਜੀ ਦੇ ਘਰ) ਵੱਲ ਪ੍ਰਸਥਾਨ ਕੀਤਾ। ਸ਼ਿਆਮ ਸਿੰਘ ਦੀ ਪਤਨੀ ਅਮਨ ਕੌਰ, ਸੰਤ ਮਹਿੰਦਰ ਸਿੰਘ ਜੀ ਅਤੇ ਦਾਸ (ਹਰਪਾਲ ਸਿੰਘ ਸੋਧੀ) ਨੇ ਸਤਿਗੁਰੂ ਜੀ ਲਈ ਜਲ ਪਾਣੀ ਦਾ ਪ੍ਰਬੰਧ ਕੀਤਾ। ਪ੍ਰਸ਼ਾਦ ਛੱਕ, ਕੁਝ ਆਏ ਗਿਆਂ ਅਤੇ ਹੰਸਪਾਲ ਪਰਿਵਾਰ ਦੀ ਖ਼ਬਰ ਸਾਰ ਲੈ, ਬਿਰਾਜਮਾਨ ਹੋਏ।

**26 ਜੁਲਾਈ 2021** ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸਿਰਸੇ ਵਾਲੇ ਰਾਗੀ ਬੰਧੂਆਂ ਨੇ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਸਵੇਰੇ 4 ਵਜੇ ਤੋਂ 5:45 ਤੱਕ ਕੀਤਾ। ਸਤਿਗੁਰੂ ਜੀ ਆਸਣ 'ਤੇ ਸੁਭਾਏਮਾਨ ਹੋ ਦਰਸ਼ਨ ਦੇਂਦੇ ਬਹੁਤ ਸੁੰਦਰ ਲੱਗ ਰਹੇ ਸਨ। ਸਮੂਹ ਸੰਗਤ ਅੱਜ ਨਮਸਕਾਰ ਕਰ ਬੈਠਦੀ ਰਹੀ। ਵਾਰ ਦੇ ਭੋਗ **ਉਪਰੰਤ ਆਪ ਜੀ ਨੇ ਨਾਮਧਾਰੀ ਕਲੋਨੀ ਨਿਵਾਸੀ ਪਰਮਜੀਤ ਸਿੰਘ ਅਤੇ ਚਰਨਜੀਤ ਸਿੰਘ ਦੇ ਘਰ ਦਰਸ਼ਨ ਦਿੱਤੇ।** ਇਹ ਦੋਵੇਂ ਭਰਾ ਨਾਮਧਾਰੀ ਪੰਥ ਦੀ ਪ੍ਰਸਿੱਧ ਜੋੜੀ ਮਾਈ ਲੋਈ ਅਤੇ ਕਬੀਰ ਜੀ ਦੇ ਪੋਤਰੇ ਹਨ। ਇਨ੍ਹਾਂ ਵਿਚ ਕੁਝ ਵਿਵਾਦ ਸੀ ਅਤੇ ਤਣਾਅ ਵੀ ਸੀ ਪ੍ਰੰਤੂ ਸਤਿਗੁਰੂ ਜੀ ਠੰਢ ਵਰਤਾਉਂਦੀ ਆਭਾ ਦੇ ਅਸਰ ਹੇਠ ਸਾਰਾ ਮਾਮਲਾ ਬਿਨਾਂ ਦਲੀਲਾਂ ਦੇ ਸੱਤ ਬਚਨ ਨਾਲ ਹੀ ਮੁੱਕ ਗਿਆ। ਇਸ ਘਰ ਤੋਂ ਚੱਲ **ਸਤਿਗੁਰੂ ਜੀ ਨੇ ਤ੍ਰੀ ਨਗਰ ਨਿਵਾਸੀ ਸਤਪਾਲ ਸਿੰਘ ਸਪੁੱਤਰ ਸਵ. ਸੁਲੱਖਣ ਸਿੰਘ ਸੂਰ ਦੇ ਘਰ ਦਰਸ਼ਨ ਦਿੱਤੇ**। ਸਤਪਾਲ ਸਿੰਘ, ਉਸਦੀ ਪਤਨੀ ਅਤੇ ਬੱਚਿਆਂ ਨੇ ਵੀ ਸ੍ਰੀ ਹਜ਼ੂਰ ਦੇ ਦਰਸ਼ਨਾਂ ਦਾ ਆਨੰਦ ਮਾਣਿਆ। ਏਸੇ ਬਿਲਡਿੰਗ ਤੇ ਵਸਦੇ ਸਤਪਾਲ ਸਿੰਘ ਦੇ ਦੋਵੇਂ ਭਰਾਵਾਂ ਦੇ ਫਲੈਟਾਂ ਵਿੱਚ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਸਤਪਾਲ ਸਿੰਘ ਦੀ ਪਤਨੀ, ਸ. ਨਿਰਮਲ ਸਿੰਘ ਗੱਗ ਮਿੱਲ ਵਾਲੇ ਯਮਨਾ ਪਾਰ ਵਾਲਿਆਂ ਦੀ ਲੜਕੀ ਹੈ ਅਤੇ ਅੱਜ ਕੱਲ੍ਹ ਨਿਰਮਲ ਸਿੰਘ ਹੁਰੀਂ ਵੀ ਆਸਟ੍ਰੇਲੀਆ ਤੋਂ ਇਨ੍ਹਾਂ ਕੋਲ ਹੀ ਆਏ ਹੋਏ ਹਨ। ਸਤਿਗੁਰੂ ਜੀ ਨੇ ਇਨ੍ਹਾਂ ਦੀ ਵੀ ਸੁੱਖ ਸਾਂਦ ਪੁੱਛੀ ਅਤੇ ਭਰਪੂਰ ਪਿਆਰ ਬਖ਼ਸ਼ਿਆ। ਇਸ ਤੋਂ ਬਾਅਦ **ਜਥੇ. ਦਰਸ਼ਨ ਸਿੰਘ ਤ੍ਰੀ ਨਗਰ ਵਾਲੇ ਅਤੇ ਉਸ ਦੇ ਭਰਾ ਦੇ ਘਰ ਚਰਨ ਪਾਏ।** ਸਾਰੇ ਪਰਿਵਾਰ ਨੂੰ ਖੁਸ਼ੀਆਂ ਬਖ਼ਸ਼ੀਆਂ। ਪਿਛਲੇ ਦਿਨੀਂ ਦਰਸ਼ਨ ਸਿੰਘ ਦੀ ਪਤਨੀ ਕੋਰੋਨਾ ਕਾਰਨ ਇਸ ਮਾਤ ਲੋਕ ਤੋਂ ਚਲਾਣਾ ਕਰ ਗਈ ਸੀ। ਉਸਦੀ ਇੱਛਾ ਸੀ ਸਤਿਗੁਰੂ ਜੀ ਨੂੰ ਕੁਝ ਪਦਾਰਥ ਭੇਟ ਕਰਨ ਦੀ। ਜਥੇਦਾਰ ਜੀ ਨੇ ਅਰਜ਼ ਕਰ ਉਹ ਪਦਾਰਥ ਭੇਟ ਕੀਤਾ। ਇੱਥੋਂ ਚੱਲ ਸਤਿਗੁਰੂ ਜੀ ਨੇ **ਪੱਛਿਮ ਵਿਹਾਰ ਵਿਖੇ ਹਰਪ੍ਰੀਤ ਸਿੰਘ ਅਤੇ ਉਸ ਦੇ ਪਰਿਵਾਰ ਨੂੰ ਸਾਂਤਵਨਾ ਬਖ਼ਸ਼ੀ।** ਥੋੜ੍ਹੇ ਦਿਨ ਪਹਿਲਾਂ ਹੀ ਹਰਪ੍ਰੀਤ ਸਿੰਘ ਦੇ ਪਹਿਲਾਂ ਪਿਤਾ ਫਿਰ ਕਰੀਬ 8 ਦਿਨਾਂ ਬਾਅਦ ਮਾਤਾ ਜੀ ਚੜ੍ਹਾਈ ਕਰ ਗਏ ਸਨ। ਦੋਨੋਂ ਕੋਰੋਨਾ ਗ੍ਰਸਤ ਹੋਏ। ਸਤਿਗੁਰੂ ਜੀ ਨੇ ਹਰਪ੍ਰੀਤ ਦੀਆਂ ਭੈਣਾਂ ਨੂੰ ਹੌਂਸਲਾ ਬਖਸ਼ਿਆ ਅਤੇ ਭਾਣਾ ਮੰਨਣ ਨੂੰ ਆਖਿਆ।

ਇਸ ਤੋਂ ਬਾਅਦ ਸਤਿਗੁਰੂ ਜੀ ਸਾਹਿਬਪੁਰੇ ਇਲਾਕੇ

ਵਿੱਚ ਪਹੁੰਚੇ। ਸਭ ਤੋਂ ਪਹਿਲਾਂ **ਰਾਜ ਬਹਾਦਰ ਸਿੰਘ ਦੇ ਘਰ ਦਰਸ਼ਨ ਦਿੱਤੇ।** ਜਿਨ੍ਹਾਂ ਦੀ ਪਤਨੀ ਵੀ ਕੋਰੋਨਾ ਕਾਲ 'ਚ ਦਿੱਲੀ ਦੇ ਹਸਪਤਾਲ ਵਿੱਚ ਆਕਸੀਜਨ ਦੀ ਅਚਾਨਕ ਕਮੀ ਹੋਣ ਕਾਰਨ ਚੜ੍ਹਾਈ ਕਰ ਗਈ ਸੀ। ਰਾਜ ਬਹਾਦਰ ਨੇ ਬੇਨਤੀ ਕੀਤੀ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਲੈਕਸ਼ਨ 'ਚ ਕਿਸੇ ਪਾਰਟੀ ਵੱਲੋਂ ਟਿਕਟ ਮਿਲ ਰਹੀ ਹੈ, ਆਸ਼ੀਰਵਾਦ ਬਖ਼ਸ਼ਿਸ਼ ਕਰੋ।

**ਇਸ ਤੋਂ ਬਾਅਦ ਲਾਗੇ ਹੀ ਰਾਜ ਬਹਾਦਰ ਜੀ ਦੇ ਸਪੁੱਤਰਾਂ ਪ੍ਰਭਜੋਤ ਅਤੇ ਜਗਜੋਤ ਦੇ ਘਰ ਵੀ ਚਰਨ ਪਾਏ। ਉਨ੍ਹਾਂ ਤੋਂ ਬਾਅਦ ਪਰਮਜੋਤ ਸਿੰਘ ਦੇ ਘਰ ਚਰਨ ਪਾਏ।**

ਜਥੇ. ਨਿਸ਼ਾਨ ਸਿੰਘ ਨੇ ਪਿਛਲੇ ਦਿਨੀਂ ਆਪਣੇ ਘਰ ਦੀ ਰੈਨੋਵੇਸ਼ਨ ਪੂਰੀ ਕੀਤੀ ਹੈ। ਉਹ ਲਾਗੇ ਹੀ ਇੱਕ ਹੋਰ ਘਰ ਦੀ ਉਸਾਰੀ ਕਰਵਾ ਰਹੇ ਹਨ। ਜਿਸ 'ਚ ਉਹਨਾਂ ਆਪ ਤਾਂ ਰਿਹਾਇਸ਼ ਨਹੀਂ ਕਰਨੀ ਪਰ ਉਹਨਾਂ ਦਾ ਉਸ 'ਚ ਕਿਰਾਏਦਾਰ ਰੱਖ ਕੇ ਘਰ ਦੀ ਆਮਦਨ 'ਚ ਵਾਧਾ ਕਰਨ ਦਾ ਵਿਚਾਰ ਹੈ। ਜਥੇਦਾਰ ਜੀ ਰਾਤ ਹੀ ਅਰਜ਼ ਕੀਤੀ ਸੀ ਕਿ ਰਜ਼ਾ ਹੋਵੇ ਤਾਂ ਦੋਵਾਂ ਹੀ ਥਾਵਾਂ 'ਤੇ ਚਰਨ ਪਾਉਣ ਦੀ ਕਿਰਪਾ ਹੋ ਜਾਵੇ। ਸਤਿਗੁਰੂ ਜੀ ਪਹਿਲਾਂ ਇਨ੍ਹਾਂ ਦੇ ਘਰ ਜਾ ਕੇ ਇੱਕ ਖੁੱਲ੍ਹੇ ਕਮਰੇ ਵਿਚ ਵਿਛੇ ਆਸਣ 'ਤੇ ਸੁਭਾਏਮਾਨ ਹੋਏ। ਸਾਰੇ ਪਰਿਵਾਰ ਨੇ ਨਮਸਕਾਰ ਕੀਤੀ। ਜਥੇਦਾਰ ਜੀ ਦੀ ਮਾਤਾ-ਪਿਤਾ, ਦਾਦੀ ਜੀ, ਭੈਣ (ਜਿਸ ਦਾ ਰਿਸ਼ਤਾ ਜਥੇਦਾਰ ਸੇਵਾ ਸਿੰਘ ਜੀ ਦੇ ਪੋਤਰੇ ਅਤੇ ਰਾਜਿੰਦਰ ਸਿੰਘ ਦੇ ਸਪੁੱਤਰ ਰਤਨ ਵੱਲ ਹੋਇਆ ਹੈ।) ਜਥੇਦਾਰ ਨਿਸ਼ਾਨ ਸਿੰਘ ਦੀ ਧਰਮ ਪਤਨੀ ਅਤੇ ਜਥੇਦਾਰ ਜੀ ਦੇ ਸਪੁੱਤਰ (ਨਵਤੇਜ ਸਿੰਘ) ਨੇ ਵੀ ਨਮਸਕਾਰ ਕੀਤੀ। ਪਾਤਸ਼ਾਹ ਜੀ ਦੀਆਂ ਜਥੇਦਾਰ ਨਿਸ਼ਾਨ ਸਿੰਘ ਦੇ ਪਰਿਵਾਰ 'ਤੇ ਇਸ ਤਰ੍ਹਾਂ ਖ਼ੁਸ਼ੀਆਂ ਦੀ ਮੇਹਰ ਕਰ ਰਹੇ ਸਨ ਜਿਵੇਂ ਕਦੀ ਸਤਿਗੁਰੂ ਜਗਜੀਤ ਸਿੰਘ ਜੀ ਜਥੇਦਾਰ ਸੇਵਾ ਸਿੰਘ ਜੀ ਦੇ ਪਰਿਵਾਰ 'ਤੇ ਕਰਿਆ ਕਰਦੇ ਸਨ।


ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਮੇਸ਼ ਨਗਰ (ਦਿੱਲੀ) ਵਿਖੇ ਦੀਵਾਨ ਸਜਿਆ ਹੋਇਆ

ਇਕ ਬਚਨ ਤਾਂ ਬਹੁਤ ਹੀ ਪਿਆਰਾ ਸੀ ਜਥੇਦਾਰ ਜੀ ਦੇ ਪਰਿਵਾਰ ਦੇ ਕਿਸੇ ਮੈਂਬਰ ਦਾ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਿਖੇ ਇਲਾਜ ਹੋਇਆ ਸੀ ਅਤੇ ਸਤਿਗੁਰੂ ਜੀ ਦੇ ਹੁਕਮ ਕਾਰਨ ਹਸਪਤਾਲ ਦੀ ਮੈਨੇਜਮੈਂਟ ਨੇ ਬਿੱਲ ਦੀ ਮਾਇਆ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਪ੍ਰੰਤੂ ਘਰ ਵਾਲਿਆਂ ਦੀ ਇੱਛਾ ਸੀ ਕਿ ਮਾਇਆ ਜ਼ਰੂਰ ਦਿੱਤੀ ਜਾਏ। ਇਸ ਲਈ ਉਨ੍ਹਾਂ ਅੱਜ ਸਤਿਗੁਰੂ ਜੀ ਦੇ ਘਰ ਚਰਨ ਪਾਉਣ 'ਤੇ ਮਾਇਆ ਦੀ ਇੱਕ ਪੋਟਲੀ ਮੱਥਾ ਟੇਕੀ ਤਾਂ ਪਾਤਸ਼ਾਹ ਜੀ ਵੀ ਪੁੱਛ ਲਿਆ, "ਕਾਹਦੀ ਮਾਇਆ ਮੱਥਾ ਟੇਕੀ ਜਾਂਦੇ ਹੋ?" ਉਨ੍ਹਾਂ ਸਾਰੀ ਵਾਰਤਾ ਦੱਸੀ ਕਿ ਭਾਵੇਂ ਉਦੋਂ ਆਪ ਜੀ ਦੇ ਹੁਕਮ ਕਰਕੇ ਹਸਪਤਾਲ ਦਾ ਬਿੱਲ ਤਾਂ ਅਸੀਂ ਨਹੀਂ ਸੀ ਦਿੱਤਾ ਪਰ ਅੱਜ ਇਹ ਮਾਇਆ ਮੱਥਾ ਜ਼ਰੂਰ ਟੇਕਣੀ ਹੈ ਤਾਂ ਪਾਤਸ਼ਾਹ ਜੀ ਨੇ ਬਚਨ ਕੀਤਾ, "ਤੁਸੀਂ ਅੱਗੇ ਨਿਸ਼ਾਨ (ਜਥੇਦਾਰ ਜੀ) ਮੱਥਾ ਟੇਕਿਆ ਤੇ ਹੋਇਆ ਹੈ, ਹੋਰ ਕੁਝ ਮੱਥਾ ਟੇਕਣ ਦੀ ਕੀ ਲੋੜ ਹੈ?" ਸਾਰੇ ਹੀ ਇਹ ਬਚਨ ਸੁਣ ਕੇ ਗਦ-ਗਦ ਹੋ ਗਏ। ਸੱਚਮੁੱਚ ਸਤਿਗੁਰੂ ਜੀ ਇਸ ਨੌਜਵਾਨ ਜਥੇਦਾਰ ਨੂੰ ਬਹੁਤ ਪਿਆਰ ਕਰਦੇ ਹਨ।

ਇਸ ਤੋਂ ਬਾਅਦ **ਜਸਬੀਰ ਸਿੰਘ ਹੰਸਪਾਲ ਘਰ ਚਰਨ ਪਾ ਪਾਤਸ਼ਾਹ ਜੀ ਲਾਲ ਜੀ ਅਤੇ ਬਲਕਾਰ ਸਿੰਘ ਰਾਣਾ ਦੇ ਘਰ ਚਰਨ ਪਾਏ।** ਉਨ੍ਹਾਂ ਨੇ ਸਾਹੀਵਾਲ ਨਸਲ ਦੀਆਂ ਗਾਵਾਂ ਰੱਖ ਕੇ ਦੁੱਧ ਦਾ ਕੰਮ ਸ਼ੁਰੂ ਕੀਤਾ ਹੈ ਅਤੇ ਨਜਫ਼ਗੜ੍ਹ ਇਲਾਕੇ ਵਿਚ ਨਵੀਂ ਡੇਅਰੀ ਦੀ ਤਿਆਰੀ ਚੱਲ ਰਹੀ ਹੈ।

ਪਿਛਲੇ ਦਿਨੀਂ ਇਕ ਦੁਰਘਟਨਾ ਵਾਪਰੀ ਅਤੇ ਰਾਣਾ ਜੀ ਦੇ ਡਿੱਗਣ ਕਾਰਨ ਉਨ੍ਹਾਂ ਨੂੰ ਗੰਭੀਰ ਰੂਪ ਵਿੱਚ ਸੱਟਾਂ ਲੱਗ ਗਈਆਂ ਸਨ। ਕਾਫ਼ੀ ਚਿਰ ਤਾਂ ਇਹ ਉੱਠ ਬੈਠ ਨਹੀਂ ਸੀ ਸਕਦੇ ਪਰ ਹੁਣ ਬੜੀ ਕਿਰਪਾ ਹੈ। ਸਵੇਰੇ ਸਣੇ ਕੇਸੀ ਇਸ਼ਨਾਨ ਕਰ ਲੈਂਦੇ ਹਨ ਅਤੇ ਭੈਣੀ ਸਾਹਿਬ ਤੋਂ ਆਉਣ ਵਾਲੇ ਸਾਰੇ ਪ੍ਰੋਗਰਾਮ ਨੂੰ ਵੇਖਦਿਆਂ ਨਾਮ ਜੱਪਦੇ ਹਨ।

ਇਹ ਸਾਰੀ ਵਿਥਿਆ ਰਾਣਾ ਜੀ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ। ਲਾਲ ਜੀ ਨੇ ਅਰਜ਼ ਕੀਤੀ ਕਿ ਕਸ਼ਟ ਤਾਂ ਬਹੁਤ ਵੱਡਾ ਸੀ ਪਰ ਆਪ ਜੀ ਦੀ ਕਿਰਪਾ ਨਾਲ ਬਚਾਅ ਹੋ ਗਿਆ ਹੈ। ਆਪ ਜੀ ਸਦਾ ਸਾਡੇ ਪਰਿਵਾਰ 'ਤੇ ਕਿਰਪਾ ਕਰਦੇ ਹੋ। ਇਸੇ ਤਰ੍ਹਾਂ ਕਿਰਪਾ ਬਣਾਈ ਰੱਖਣਾ। ਪਾਤਸ਼ਾਹ ਜੀ ਸਾਰੇ ਪਰਿਵਾਰ ਨੂੰ ਖੁਸ਼ੀਆਂ ਦਿੱਤੀਆਂ।

**ਇਸ ਤੋਂ ਬਾਅਦ ਵਿਕਾਸ ਪੁਰੀ ਵਿਖੇ ਦੋ ਘਰਾਂ 'ਚ ਚਰਨ ਪਾਏ। ਇੱਕ ਘਰ ਸ. ਬਲਵਿੰਦਰ ਸਿੰਘ ਜੀ ਦਾ ਇਕ ਅਮਰਜੀਤ ਜੱਸਲ ਦਾ। ਇਸ ਤੋਂ ਬਾਅਦ ਤਿਲਕ ਨਗਰ ਤਜਿੰਦਰ ਮੋਹਣ ਸਿੰਘ ਅਤੇ ਅਮਰਿੰਦਰ ਸਿੰਘ ਦੇ ਘਰ ਚਰਨ ਪਾਏ।** ਇਸ ਘਰ 'ਚ ਸਤਿਗੁਰੂ ਜੀ ਦੇ ਅੱਜ ਪਹਿਲੀ ਵਾਰ ਚਰਨ ਪਏ ਹਨ। ਇਨ੍ਹਾਂ ਦਾ ਇੱਕ ਭਰਾ ਅਮਰੀਕਾ 'ਚ ਵੱਸਦਾ ਹੈ। ਇਹ ਪਰਿਵਾਰ ਮੇਰਾ (ਲੇਖਕ) ਨਾਨਕਾ ਪਰਿਵਾਰ ਵੀ ਹੈ। ਰਾਜਿੰਦਰ ਮੋਹਨ ਸਿੰਘ ਦੀ ਲੜਕੀ ਚੰਡੀਗੜ੍ਹ 'ਚ ਇਨਫੋਸਿਸ 'ਚ ਕੰਮ ਕਰਦੀ ਹੈ। ਸਾਰੇ **ਪਰਿਵਾਰ ਨੂੰ ਖ਼ੁਸ਼ੀਆਂ ਬਖ਼ਸ਼ ਸਤਿਗੁਰੂ ਜੀ ਸੁਲੱਖਣ ਸਿੰਘ ਸਪੁੱਤਰ ਸਵਰਗੀ ਸੂਬਾ ਸੁਖਦੇਵ ਸਿੰਘ ਦੇ ਘਰ ਜਾ ਦਰਸ਼ਨ ਦਿੱਤੇ।** ਇੱਥੇ ਸਾਰੇ ਪਰਿਵਾਰ ਦੇ ਨਾਲ-ਨਾਲ ਤਰਸੇਮ ਅਗਰਵਾਲ (ਅਰੂਸ਼ਾ, ਤਨਜਾਨੀਆ ਵਾਲੇ) ਜੋ ਕੇ ਸੂਬਾ ਜੀ ਦੇ ਕੁੜਮ ਵੀ ਹਨ, ਆਏ ਹੋਏ ਸਨ, ਨੇ ਵੀ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਸਭ ਨੂੰ ਖੁਸ਼ੀਆਂ ਬਖ਼ਸ਼ੀਆਂ।

ਸਤਿਗੁਰੂ ਜੀ ਨੇ ਸੁਲੱਖਣ ਸਿੰਘ ਦੀ ਪਤਨੀ ਦੁਆਰਾ ਤਿਆਰ ਕੀਤਾ ਲੰਗਰ ਛਕਿਆ ਅਤੇ ਫਿਰ ਰਾਜੌਰੀ ਗਾਰਡਨ ਡੇਰੇ 'ਤੇ ਪਹੁੰਚ ਆਰਾਮ ਕੀਤਾ।

ਸਤਿਗੁਰੂ ਜੀ ਨੇ ਆਪਣੀ ਕਿਸੇ ਨਿੱਜੀ ਮੀਟਿੰਗ ਵਿੱਚ ਜਾਣਾ ਸੀ। ਕਰੀਬ 11 ਵਜੇ ਆਪ ਜੀ ਰਵਾਨਾ ਹੋਏ। ਕਰਤਾਰ ਸਿੰਘ ਅਤੇ ਆਸਾ ਸਿੰਘ ਸੇਵਕ ਵੀ ਨਾਲ ਗਏ। ਕਰੀਬ 4 ਵਜੇ ਆਪ ਜੀ ਫਿਰ ਡੇਰੇ ਆ ਕੁਝ ਫਰੂਟ ਆਦਿ ਗ੍ਰਹਿਣ ਕੀਤਾ ਤੇ 5:30 ਵਜੇ ਰਮੇਸ਼ ਨਗਰ ਗੁਰਦੁਆਰੇ ਵੱਲ ਪ੍ਰਸਥਾਨ ਕੀਤਾ। ਪ੍ਰਧਾਨ ਸਾਧਾ ਸਿੰਘ ਜੀ ਦੁਆਰਾ ਪਿਛਲੇ ਦਿਨੀਂ ਗੁਰਦੁਆਰੇ ਦੇ ਵੱਡੇ ਹਾਲ ਵਾਲੇ ਪਾਸੇ ਇੱਕ ਬਹੁਤ ਵੱਡਾ ਖ਼ੂਬਸੂਰਤ ਦਰਵਾਜ਼ਾ ਤਿਆਰ ਕਰਵਾਇਆ ਗਿਆ। ਨਾਲ ਹੋਰ ਵੀ ਕਈ ਕੁਝ ਨਵਾਂ ਉਸਾਰਿਆ ਗਿਆ ਸੀ। ਸਤਿਗੁਰੂ ਜੀ ਨੇ ਉਸ ਸਭ ਦਾ ਨਿਰੀਖਣ ਕੀਤਾ। ਨਵੇਂ ਦਰਵਾਜ਼ੇ ਦੀ ਸੁੰਦਰ ਬਣਤਰ ਲਈ ਪ੍ਰਧਾਨ ਜੀ ਨੂੰ ਖੁਸ਼ੀਆਂ ਬਖ਼ਸ਼ੀਆਂ।

5:50 ਤੋਂ 6:50 ਤੱਕ ਨਾਮ ਸਿਮਰਨ ਹੋਇਆ। ਇਸੇ ਦੌਰਾਨ ਸਵਰਗੀ ਮਨਮੋਹਨ ਸਿੰਘ ਸੋਖੀ ਲਾਜਪਤ ਵਾਲਿਆਂ ਨਮਿਤ ਵਰ੍ਹੀਣੇ ਦਾ ਭੋਗ ਪਾਇਆ ਗਿਆ। ਪ੍ਰੋਗਰਾਮ ਦੀ ਸਮਾਪਤੀ **ਉਪਰੰਤ ਬਲਦੇਵ ਸਿੰਘ ਅਤੇ ਬੀਬੀ ਬਲਦੀਸ਼ ਕੌਰ ਦੇ ਘਰ ਰਮੇਸ਼ ਨਗਰ ਵਿਖੇ ਦਰਸ਼ਨ ਦਿੱਤੇ।** ਹਰਮੀਤ ਸਿੰਘ ਪਿੰਟਾ ਹਾਕੀ ਵਾਲੇ ਨੂੰ ਅਤੇ ਸਾਰੇ ਪਰਿਵਾਰ ਨੂੰ ਖੁਸ਼ੀਆਂ ਬਖ਼ਸ਼ੀਆਂ। ਬੀਬੀ ਜੀ ਦੀ ਪੋਤਰੀ ਨੇ ਆਪਣੀ ਪੇਂਟਿੰਗ ਸਤਿਗੁਰੂ ਜੀ ਨੂੰ ਵਿਖਾਈਆਂ। ਪਰਿਵਾਰ ਨੂੰ ਖ਼ੁਸ਼ੀਆਂ ਬਖ਼ਸ਼ ਸਤਿਗੁਰੂ ਜੀ ਡੇਰੇ ਆ, ਜਲ ਪਾਣੀ ਨੂੰ ਰਸ਼ਨੀ ਲਾਇਕ ਕਰ, ਬਿਰਾਜੇ।

**27 ਜੁਲਾਈ 2021** ਰਾਜੌਰੀ ਗਾਰਡਨ ਤੋਂ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਸਵੇਰੇ 3:40 ਦੇ ਕਰੀਬ ਸਾਹਿਬਾਬਾਦ ਲਈ ਰਵਾਨਾ ਹੋਇਆ ਅਤੇ ਨਾਮਧਾਰੀ ਗੁਰਦੁਆਰੇ ਵਿਖੇ ਆਸਾ ਦੀ ਵਾਰ ਵਿੱਚ ਜਾ ਦਰਸ਼ਨ ਦਿੱਤੇ। ਸਿਰਸੇ ਵਾਲੇ ਰਾਗੀ ਬੰਧੂਆਂ ਨੇ ਵਾਰ ਦਾ ਕੀਰਤਨ ਕੀਤਾ। ਵਾਰ ਉਪਰੰਤ ਹਰਮਿੰਦਰ ਸਿੰਘ ਸਵੀਟਾ ਸਾਹਿਬਪੁਰੇ ਵਾਲੇ ਦੀ ਲੜਕੀ ਦਾ ਆਨੰਦ ਕਾਰਜ ਹੋਇਆ। ਪਾਠਾਂ ਦੇ ਭੋਗ ਉਪਰੰਤ ਸਤਿਗੁਰੂ ਜੀ ਨੇ ਉਪਦੇਸ਼ ਕਰ, ਇੱਥੋਂ ਦੀ ਸੰਗਤ ਨੂੰ ਅੰਮ੍ਰਿਤ ਵੇਲੇ ਉੱਠਣ ਅਤੇ ਨਾਮ ਜਪਣ ਦਾ ਸੱਦ ਉਪਦੇਸ਼ ਦਿੱਤਾ।

**ਵਾਰ ਉਪਰੰਤ ਸਤਿਗੁਰੂ ਜੀ ਗੁਰਦਿਆਲ ਸਿੰਘ ਅਤੇ ਮੋਹਨ ਸਿੰਘ ਦੇ ਘਰ ਚਰਨ ਪਾ, ਸੂਬਾ ਜਗਤਾਰ ਸਿੰਘ ਜੀ ਘਰ ਆ ਸਾਰੇ ਪਰਿਵਾਰ ਨੂੰ ਖ਼ੁਸ਼ੀਆਂ ਬਖ਼ਸ਼ੀਆਂ।** ਸੂਬਾ ਜੀ ਘਰ ਹੀ ਪ੍ਰਸ਼ਾਦ ਪਾਣੀ ਛਕਿਆ। ਸੂਬਾ ਜੀ ਦੇ ਘਰ ਦੇ ਅਗਲੇ ਪਾਸੇ ਸੂਬਾ ਜੀ ਦੇ **ਛੋਟੇ ਭਰਾ ਦੇ ਘਰ ਵੀ ਚਰਨ ਪਾਏ।** ਸਾਰੀ ਸੰਗਤ ਨੂੰ ਖ਼ੁਸ਼ੀਆਂ ਬਖ਼ਸ਼ ਆਪ ਜੀ ਸ੍ਰੀ ਭੈਣੀ ਸਾਹਿਬ ਵੱਲ ਰਵਾਨਾ ਹੋਏ।

**ਹਰਪਾਲ ਸਿੰਘ ਸੋਧੀ**

## ਬੁੱਢਾ ਦਰਿਆ ਗ੍ਰੀਨ ਬੈਲਟ

**5 ਅਗਸਤ 2021** ਨੂੰ ਪੰਜਾਬ ਸਰਕਾਰ ਦੀ ਬੁੱਢਾ ਦਰਿਆ ਟਾਸਕ ਫੋਰਸ ਦੇ ਚੈਅਰਮੈਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੁਆਰਾ ਤਾਜਪੁਰ ਰੋਡ ਲੁਧਿਆਣਾ ਜੇਲ੍ਹ ਦੇ ਸਾਹਮਣੇ ਬੁੱਢਾ ਦਰਿਆ ਦਾ ਦੌਰਾ ਕੀਤਾ ਗਿਆ। ਏਥੇ 500 ਮੀਟਰ ਦਰਿਆ ਦੇ ਦੋਵਾਂ ਕਿਨਾਰਿਆਂ ਨੂੰ ਖ਼ੂਬਸੂਰਤ ਬਣਾਉਣ ਵਾਸਤੇ ਸ੍ਰੀ ਸਤਿਗੁਰੂ ਵੱਲੋਂ ਵੱਡਾ ਉਪਰਾਲਾ ਕੀਤਾ ਜਾ ਰਿਹਾ ਹੈ। ਏਥੇ ਹੀ ਸਤਿਗੁਰੂ ਜੀ ਨੇ ਬੁੱਢਾ ਦਰਿਆ ਪ੍ਰੋਜੈਕਟ 'ਤੇ ਕੰਮ ਕਰ ਰਹੀ ਕੰਪਨੀ ਦੇ ਮੈਨੇਜਰ ਸਾਜਿਦ ਹੁਸੈਨ ਤੋਂ ਚੱਲ ਰਹੇ ਪਲਾਂਟ ਦੇ ਕੰਮ ਬਾਰੇ ਜਾਣਕਾਰੀ ਲਈ।

**ਸੁਖਵਿੰਦਰ ਸਿੰਘ ਲਾਇਲ**

## ਰਾਏਕੋਟ ਦੇ ਸ਼ਹੀਦਾਂ ਦੀ ਯਾਦ ਵਿੱਚ ਮੇਲਾ

**5 ਅਗਸਤ 2021** ਦਾ ਦਿਨ ਰਾਏਕੋਟ ਦੇ ਸ਼ਹੀਦਾਂ ਦੀ ਯਾਦ ਤਾਜ਼ਾ ਕਰਵਾਉਂਦਾ ਹੈ। ਰਾਏਕੋਟ ਦੇ ਸ਼ਹੀਦ ਸੰਤ ਮੰਗਲ ਸਿੰਘ, ਸੰਤ ਮਸਤਾਨ ਸਿੰਘ ਅਤੇ ਸੰਤ ਗੁਰਮੁਖ ਸਿੰਘ ਜਿਨ੍ਹਾਂ ਗਊ ਗ਼ਰੀਬ ਅਤੇ ਭਾਰਤ ਦੇਸ਼ ਦੀ ਆਜ਼ਾਦੀ ਖਾਤਰ ਫਾਂਸੀ ਦੇ ਰੱਸਿਆਂ ਨੂੰ ਹੱਸ-ਹੱਸ ਕੇ ਚੁੰਮਿਆ। ਉਨ੍ਹਾਂ ਪਾਵਣ ਸ਼ਹੀਦਾਂ ਦੀ ਯਾਦ ਵਿੱਚ 5 ਅਗਸਤ 2021 ਦਿਨ ਵੀਰਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਮੇਲਾ ਰਾਏਕੋਟ ਦੇ ਸ਼ਹੀਦੀ ਅਸਥਾਨ ਤੇ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਭਗਤ ਕਬੀਰ ਜੀ ਦਾ ਇੱਕ ਸ਼ਬਦ ਗੁਰਬਾਣੀ ਵਿੱਚ ਵੀ ਆਉਂਦਾ ਹੈ ਕਿ- "ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥" ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ 12 ਅਪਰੈਲ 1857 ਈ. ਵਿੱਚ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਜਾਈ ਗੁਰਸਿੱਖੀ ਜੋ ਕਿ ਉਸ ਵੇਲੇ ਅੰਗਰੇਜ਼ੀ ਹਕੂਮਤ ਦੀ 'ਪਾੜੋ ਤੇ ਰਾਜ ਕਰੋ' ਦੀ ਕੁਟਿਲ ਨੀਤੀ ਅਧੀਨ ਆ ਕੇ ਮੁਰਝਾ ਚੁੱਕੀ ਸੀ, ਉਸ ਮੁਰਝਾਈ ਸਿੱਖੀ ਨੂੰ ਮੁੜ ਸੁਰਜੀਤ ਕਰ ਨਾਮਧਾਰੀ ਪੰਥ ਦੀ ਸਾਜਨਾ ਕੀਤੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਅੰਗਰੇਜ਼ੀ ਰਾਜ ਵਿਰੁੱਧ ਨਾ-ਮਿਲਵਰਤਨ ਲਹਿਰ ਚਲਾਈ। ਜਿਸ ਨੂੰ ਨਾਮਧਾਰੀ ਮਰਜੀਵੜੇ ਗੁਰਸਿੱਖਾਂ ਨੇ ਬੜੇ ਸੁਚੱਜੇ ਢੰਗ ਨਾਲ ਸ੍ਰੀ ਸਤਿਗੁਰੂ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨੇਪਰੇ ਚਾੜ੍ਹਿਆ। ਇਹਨਾਂ ਮਰਜੀਵੜੇ ਗੁਰਸਿੱਖਾਂ ਨੇ ਹਮੇਸ਼ਾਂ ਹੀ ਗਊ ਗ਼ਰੀਬਾਂ ਉੱਪਰ ਪਰਉਪਕਾਰ ਹੀ ਕੀਤਾ। ਅੰਗਰੇਜ਼ ਹਕੂਮਤ ਵੱਲੋਂ ਸਿੱਖਾਂ ਦੇ ਧਾਰਮਿਕ ਅਸਥਾਨਾਂ ਨੇੜੇ ਗਊ ਬੱਧ ਕਰਨ ਲਈ ਬੁੱਚੜਖਾਨੇ ਖੋਲ੍ਹ ਦਿੱਤੇ ਸੀ। ਉਨ੍ਹਾਂ ਨੇ ਸਿੱਖਾਂ ਦੇ ਧਾਰਮਿਕ ਸਥਾਨਾਂ ਤੇ ਅਸਿੱਧੇ ਤੌਰ 'ਤੇ ਹਮਲੇ ਕਰ ਦਿੱਤੇ। ਨਾਮਧਾਰੀ ਗੁਰਸਿੱਖਾਂ ਨੇ ਭਾਵੇਂ ਉਹ ਅੰਮ੍ਰਿਤਸਰ, ਰਾਏਕੋਟ, ਲੁਧਿਆਣਾ ਜਾਂ ਮਲੇਰਕੋਟਲੇ ਦੀਆਂ ਬੁੱਚੜਖਾਨਿਆਂ ਵਿਰੁੱਧ ਘਟਨਾਵਾਂ ਸਨ। ਅੰਗਰੇਜ਼ਾਂ ਦੀ ਹਰ ਚੁਣੌਤੀ ਨੂੰ ਵੰਗਾਰਿਆ।



ਸੰਤ ਸਵਿੰਦਰ ਸਿੰਘ ਜੀ ਦੀ ਅਗਵਾਈ ਵਿੱਚ ਹਵਨ ਕਰਦੇ ਹੋਏ ਨਾਮਧਾਰੀ ਸਿੰਘ

ਉਸ ਵੇਲੇ ਦੇ ਮਰਜੀਵੜੇ ਸੂਰਬੀਰ ਯੋਧਿਆਂ ਨੇ ਧਾਰਮਿਕ ਅਸਥਾਨਾਂ ਦੀ ਹੋ ਰਹੀ ਬੇਅਦਬੀ ਅਤੇ ਗਊ ਗ਼ਰੀਬ ਉੱਪਰ ਹੋ ਰਹੇ ਗੋਰੀ ਸਰਕਾਰ ਵੱਲੋਂ ਅੱਤਿਆਚਾਰਾਂ ਨੂੰ ਸਹਿਣ ਨਹੀਂ ਕੀਤਾ। ਉਨ੍ਹਾਂ ਨੇ ਬੁੱਚੜਾਂ ਨੂੰ ਮੌਤ ਦੇ ਘਾਟ ਉਤਾਰ ਕੇ ਗਊਆਂ ਨੂੰ ਆਜ਼ਾਦ ਕਰਵਾਇਆ। ਅੰਗਰੇਜ਼ੀ ਹਾਕਮਾਂ ਦੀ ਨੀਂਦ ਹਰਾਮ ਕਰਕੇ ਰੱਖ ਦਿੱਤੀ। ਅੰਗਰੇਜ਼ ਸਰਕਾਰ ਦੀ ਪਾੜੋ ਅਤੇ ਰਾਜ ਕਰੋ ਦੀ ਕੁਟਿਲ ਨੀਤੀ ਦੇ ਖ਼ਿਲਾਫ਼ ਜੱਦੋ ਜਹਿਦ ਵਿਚ ਨਾਮਧਾਰੀ ਸਿੱਖਾਂ ਦੇ ਸਿਰ ਕੱਟੇ ਗਏ ਹੱਥ ਕੱਟੇ ਗਏ ਫਾਂਸੀ ਤੇ ਲਟਕਾਇਆ ਗਿਆ। ਮਲੇਰਕੋਟਲੇ ਦੇ ਰੱਕੜ ਵਿੱਚ ਤੋਪਾਂ ਨਾਲ ਉਡਾਇਆ ਗਿਆ। ਪਰ ਅੰਗਰੇਜ਼ੀ ਸਰਕਾਰ ਦੀ ਈਨ ਨੂੰ ਕਬੂਲ ਨਹੀਂ ਕੀਤਾ। ਉਨ੍ਹਾਂ ਨੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰੰਪਰਾ ਨੂੰ ਬਾਖ਼ੂਬੀ ਨਿਭਾਇਆ। ਇਨ੍ਹਾਂ ਸ਼ਹੀਦਾਂ ਨੇ ਹੀ ਭਾਰਤ ਦੇਸ਼ ਦੀ ਆਜ਼ਾਦੀ ਦਾ ਮੁੱਢ ਬੰਨ੍ਹਿਆ। ਉਹ ਪਹਿਲੇ ਭਾਰਤੀ ਸਨ ਜਿਨ੍ਹਾਂ ਨੇ ਬਿਨਾਂ ਹਥਿਆਰਾਂ ਦੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਵਿੱਢੀ ਨਾ ਮਿਲਵਰਤਨ ਲਹਿਰ ਨੂੰ ਅਪਣਾ ਕੇ ਦੇਸ਼ ਦੀ ਆਜ਼ਾਦੀ ਦਾ ਬਿਗਲ ਵਜਾਇਆ। ਇਸ ਬਿਗਲ ਨੇ ਅੰਗਰੇਜ਼ੀ ਸਰਕਾਰ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ।

ਰਾਏਕੋਟ ਦੇ ਸ਼ਹੀਦਾਂ ਦੀ ਯਾਦ ਵਿਚ ਅੰਮ੍ਰਿਤ ਵੇਲੇ ਲੁਧਿਆਣੇ ਦੇ ਨੌਜਵਾਨਾਂ ਨੇ ਜਥੇਦਾਰ ਮਨਜੀਤ ਸਿੰਘ, ਪ੍ਰਦੀਪ ਸਿੰਘ, ਦਵਿੰਦਰ ਸਿੰਘ, ਰਾਜਿੰਦਰ ਸਿੰਘ, ਬਲਵਿੰਦਰ ਸਿੰਘ, ਸਵਿੰਦਰ ਸਿੰਘ ਆਦਿ 14 ਸਿੰਘਾਂ ਵੱਲੋਂ ਪੰਜ ਹਵਨ ਕਰ ਕੇ ਮੇਲੇ ਦਾ ਸ਼ੁਭ ਆਰੰਭ ਕੀਤਾ ਗਿਆ। ਇਸ ਦੇ ਨਾਲ ਹੀ ਜਥੇਦਾਰ ਅਮਰੀਕ ਸਿੰਘ, ਆਸਾ ਸਿੰਘ, ਹਰਨਾਮ ਸਿੰਘ ਨੇ ਆਪਣੇ ਜਥੇ ਸਮੇਤ ਆਸਾ ਦੀ ਵਾਰ ਦਾ ਕੀਰਤਨ ਕੀਤਾ। ਉਪਰੰਤ ਨਾਮਧਾਰੀ ਸ਼ਹੀਦਾਂ ਦੀ ਯਾਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਸਧਾਰਨ ਪਾਠਾਂ ਦੇ ਭੋਗ ਪਾਏ ਗਏ। ਫਿਰ ਸੰਤ ਜੋਗਾ ਸਿੰਘ ਭੰਗੂਰ ਦੇ ਕਵੀਸ਼ਰੀ ਜਥੇ ਨੇ ਅਤੇ ਗੁਰਲਾਲ ਸਿੰਘ, ਗੁਰਭਗਤ ਸਿੰਘ ਅਤੇ ਰਣਜੀਤ ਸਿੰਘ ਦੇ ਕਵੀਸ਼ਰੀ ਜਥੇ ਨੇ ਸ਼ਹੀਦਾਂ ਦੇ ਜੀਵਨ ਸਬੰਧੀ ਭਰਪੂਰ ਜੋਸ਼ ਭਰੇ ਸ਼ਬਦਾਂ ਵਿੱਚ ਚਾਨਣਾ ਪਾਇਆ। ਗੁਰਲਾਲ ਸਿੰਘ ਜੀ ਨੇ ਦੱਸਿਆ ਕਿ ਅੰਗਰੇਜ਼ਾਂ ਦੀ ਕੁਟਿਲ ਨੀਤੀ 'ਪਾੜੋ ਅਤੇ ਰਾਜ ਕਰੋ' ਤਹਿਤ

ਰਾਏਕੋਟ ਵਿਖੇ ਦਸਮੇਸ਼ ਪਿਤਾ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਟਾਹਲੀਆਣਾ ਸਾਹਿਬ ਦੇ ਬਿਲਕੁਲ ਨਜ਼ਦੀਕ ਗਊਆਂ ਮਾਰਨ ਦਾ ਬੁੱਚੜਖਾਨਾ ਖੋਲ੍ਹ ਦਿੱਤਾ ਅਤੇ ਕਾਂ-ਇੱਲਾਂ, ਕੁੱਤੇ ਆਦਿ ਮਾਸ ਦੇ ਲੋਥੜੇ ਅਤੇ ਹੱਡੀਆਂ ਨੂੰ ਚੁੱਕ ਗੁਰਦੁਆਰੇ ਦੀਆਂ ਪਰਕਰਮਾਂ ਵਿਚ ਸੁੱਟਣ ਲੱਗੇ। ਪਰ ਅੰਗਰੇਜ਼ ਹਕੂਮਤ ਦੇ ਖ਼ੌਫ਼ ਕਾਰਨ ਕੋਈ ਵੀ ਉਸ ਵੇਲੇ ਆਵਾਜ਼ ਨਹੀਂ ਸੀ ਉਠਾ ਰਿਹਾ। ਉਸ ਵੇਲੇ ਜਦੋਂ ਪਿੱਛੋ ਦੇ ਸੰਤ ਮੰਗਲ ਸਿੰਘ, ਮਸਤਾਨ ਸਿੰਘ, ਗੁਰਮੁਖ ਸਿੰਘ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਚਲੇ ਤਾਂ ਰਸਤੇ ਵਿਚ ਰਾਏਕੋਟ ਟਾਹਲੀਆਣਾ ਗੁਰਦੁਆਰੇ ਦਰਸ਼ਨ ਕਰਨ ਲਈ ਰੁਕੇ ਤਾਂ ਗੁਰਦੁਆਰੇ ਦੇ ਗ੍ਰੰਥੀ ਸਿੰਘ ਤੋਂ ਏਸ ਗਊਘਾਤ ਦੀ ਹੋ ਰਹੀ ਅਸਹਿ ਦੁੱਖਾਂ ਭਰੀ ਦਾਸਤਾਨ ਸੁਣੀ ਤਾਂ ਸਿੰਘਾਂ ਦਾ ਖੂਨ ਖੌਲ ਉੱਠਿਆ। ਉਨ੍ਹਾਂ ਸਿੰਘਾਂ ਤੋਂ ਗਊ ਗ਼ਰੀਬ ਉੱਪਰ ਹੋ ਰਹੇ ਜ਼ੁਲਮ ਨੂੰ ਸੁਣ ਕੇ ਰਿਹਾ ਨਾ ਗਿਆ। ਗੁਰਲਾਲ ਸਿੰਘ ਜੀ ਨੇ ਦੱਸਿਆ ਕਿ ਕੂਕੇ ਸਿੰਘਾਂ ਅੰਦਰ ਪੈਦਾ ਹੋਏ ਜੋਸ਼ ਦੀ ਝਲਕ ਉਸ ਵੇਲੇ ਦੇ ਪ੍ਰਵਚਨ ਮੁਹਾਵਰਿਆਂ ਰਾਹੀਂ ਦਿਖਾਈ ਦਿੰਦੀ ਹੈ ਕਿ ਗਲੀਆਂ ਮੁਹੱਲਿਆਂ ਵਿੱਚ ਆਮ ਲੋਕੀਂ ਏ ਪੜ੍ਹਿਆ ਕਰਦੇ ਸੀ ਕਿ-

ਸਤਿਗੁਰ ਹੋਰ ਹੁਕਮ ਚੜ੍ਹਾਏ
ਸਾਰੀ ਸੰਗਤ ਤਾਈਂ ਸੁਣਾਏ
ਇਹ ਮਲੇਸ਼ ਲੰਦਨੋਂ ਆਏ
ਇਨ੍ਹਾਂ ਬੁੱਚੜਖਾਨੇ ਲਾਏ
ਸਾਨੂੰ ਦੁੱਖ ਗਊਆਂ ਦਾ ਖਾਏ
ਸਿੰਘੋ ਸੀਸ ਦੇਵਣੇ ਆਏ
ਨਾਇ ਕਰਤਾਰ ਦੇ।

ਫਿਰ ਕੀ ਉਨ੍ਹਾਂ ਸੂਰਬੀਰ ਕੂਕੇ ਸਿੰਘਾਂ ਨੇ 14-15 ਜੁਲਾਈ ਦੀ ਰਾਤ ਨੂੰ ਹੀ ਬੁੱਚੜਖਾਨੇ ਉੱਪਰ ਹੱਲਾ ਬੋਲ ਦਿੱਤਾ। ਬੁੱਚੜਾਂ ਨੂੰ ਮਾਰ ਮੁਕਾਇਆ ਅਤੇ ਗਊਆਂ ਨੂੰ ਆਜ਼ਾਦ ਕਰਵਾਇਆ। ਇਨ੍ਹਾਂ ਕਵੀਸ਼ਰੀ ਜਥਿਆਂ ਤੋਂ ਬਾਅਦ ਜਥੇਦਾਰ ਕਮਾਲ ਸਿੰਘ ਜੀ ਨੇ ਆਪਣੇ ਜਥੇ ਸਮੇਤ ਕੀਰਤਨ ਇਸ ਸ਼ਬਦ ਦੀ ਧਾਰਨਾ ਤੋਂ ਸ਼ੁਰੂ ਕੀਤਾ ਕਿ 'ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।' ਅਤੇ 'ਜੋ ਲਰੇ ਦੀਨ ਕੇ ਹੇਤ ਸੂਰਾ ਸੋਈ ਸੂਰਾ ਸੋਈ।' ਜਥੇਦਾਰ ਕਮਾਲ ਸਿੰਘ ਜੀ ਨੇ ਬੀਰ ਰਸ ਵਿਚ ਕੀਰਤਨ ਕਰਦਿਆਂ ਦੱਸਿਆ ਕਿ ਗਊ ਗ਼ਰੀਬ ਦੀ ਰਾਖੀ ਲਈ ਹੀ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਮਸ਼ੀਰ ਉਠਾਈ ਸੀ। ਉਨ੍ਹਾਂ ਨੇ ਉਗ੍ਰਦੰਤੀ ਵਿਚ ਆਦਿ ਸ਼ਕਤੀ ਅਕਾਲ ਪੁਰਖ ਤੋਂ ਇਹ ਮੰਗ ਕੀਤੀ ਸੀ ਕਿ- "ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ॥ ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ॥" ਆਦਿ ਗੁਰਬਾਣੀ ਦੇ ਪ੍ਰਮਾਣ ਦੇ ਕੇ ਨਾਲ ਇਤਿਹਾਸਕਾਰਾਂ ਦੀ ਕਾਵਿ ਬੰਦਾਂ ਰਾਹੀਂ ਜੋਸ਼ ਭਰਪੂਰ ਹੱਲੇ ਦਾ ਦੀਵਾਨ ਲਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਅਖੀਰ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਨਾਲ ਕਾਮਰੇਡ ਸੁਵਰਨ ਸਿੰਘ ਵਿਰਕ ਜੀ ਨੇ ਵੀ ਸ਼ਹੀਦ ਸਿੰਘਾਂ ਨੂੰ ਸ਼ਰਧਾ ਭਾਵਨਾ ਭਰਪੂਰ ਵਖਿਆਣ ਰਾਹੀਂ ਸ਼ਰਧਾਂਜਲੀ ਦਿੱਤੀ। ਉਪਰੰਤ ਸ੍ਰੀ ਸਤਿਗੁਰੂ ਜੀ ਵੱਲੋਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ। ਵਿਸ਼ਵ ਸ਼ਾਂਤੀ ਅਤੇ ਦੁਨੀਆਂ ਉਪਰ ਫੈਲੀ ਹੋਈ ਕੋਰੋਨਾ ਮਹਾਂਮਾਰੀ ਰੂਪੀ ਭਿਆਨਕ ਬਿਮਾਰੀ ਦੇ ਖਾਤਮੇ ਲਈ ਅਰਦਾਸ ਕੀਤੀ। ਇਹ ਮੇਲਾ ਸੂਬਾ ਹਰਭਜਨ ਸਿੰਘ, ਸੰਤ ਗੁਰਬਖਸ਼ੀਸ਼ ਸਿੰਘ, ਲੁਧਿਆਣੇ ਦੀ ਸਮੂਹ ਨਾਮਧਾਰੀ ਸੰਗਤ ਅਤੇ ਰਾਏਕੋਟ ਦੀ ਸਮੂਹ ਨਾਮਧਾਰੀ ਸੰਗਤ ਦੇ ਸਹਿਯੋਗ ਨਾਲ ਕਰਵਾਇਆ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਸਵਿੰਦਰ ਸਿੰਘ ਨਾਮਧਾਰੀ**

## ਜ਼ਿਲ੍ਹਾ ਮੋਗਾ ਦੇ ਪਿੰਡ ਚੋਟੀਆਂ ਕਲਾਂ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ

ਜ਼ਿਲ੍ਹਾ ਮੋਗਾ ਦੇ ਸੂਬਾ ਹਰਦੀਪ ਸਿੰਘ ਅਤੇ ਸਾਧ ਸੰਗਤ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪਿੰਡ ਚੋਟੀਆਂ ਕਲਾਂ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਨਾਮਧਾਰੀ ਪਰਿਵਾਰਾਂ ਦੇ ਘਰਾਂ ਵਿੱਚ ਚਰਨ ਪਾਉਣ ਦੀ ਕ੍ਰਿਪਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਕੀਤੀ।

**26 ਮਈ 2021** ਦਿਨ ਸ਼ਨੀਵਾਰ ਨੂੰ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ ਜਗਰਾਓਂ ਮੋਗਾ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਪਿੰਡ ਚੋਟੀਆਂ ਕਲਾਂ ਵਿਖੇ ਪਹੁੰਚੇ। ਸਭ ਤੋਂ ਪਹਿਲਾਂ ਸ. ਕਰਨੈਲ ਸਿੰਘ ਪੁੱਤਰ ਸ. ਜੀਵਨ ਸਿੰਘ, ਰਾਜਦੀਪ ਸਿੰਘ ਪੁੱਤਰ ਸ. ਅਜੈਬ ਸਿੰਘ, ਸੁਖਵਿੰਦਰ ਸਿੰਘ ਪੁੱਤਰ ਸਰਦਾਰ ਸਰੂਪ ਸਿੰਘ, ਰਣ ਸਿੰਘ ਪੁੱਤਰ ਸ. ਸਰੂਪ ਸਿੰਘ, ਬਲਵਿੰਦਰ ਸਿੰਘ ਪੁੱਤਰ ਸ. ਸਰੂਪ ਸਿੰਘ ਵਾਸੀ ਚੋਟੀਆਂ ਕਲਾਂ ਦੇ ਪਰਿਵਾਰਾਂ ਤੇ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਪਰਿਵਾਰਾਂ ਦੇ ਬੱਚਿਆਂ ਨੂੰ ਗੁਰਸਿੱਖੀ ਨਾਲ ਜੁੜਨ ਦਾ ਉਚੇਚਾ ਹੁਕਮ ਕੀਤਾ। ਇੱਥੇ ਦਰਸ਼ਨ ਦੇਣ ਉਪਰੰਤ ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਨਾਮ ਸਿਮਰਨ ਸਮੇਂ ਆਣ ਸਾਧ ਸੰਗਤ ਨੂੰ ਦਰਸ਼ਨ ਦਿੱਤੇ।

**ਸੂਬਾ ਬਲਵਿੰਦਰ ਸਿੰਘ ਝੱਲ**

# ਡਾ. ਪੁਸ਼ਪਿੰਦਰ ਕੌਰ ਜੀ ਨਮਿੱਤ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ

**1 ਅਗਸਤ 2021** ਮੁਹਾਲੀ ਵਿਖੇ ਫੇਸ 9 ਦੇ ਗੁਰੂ ਤੇਗ ਬਹਾਦਰ ਗੁਰਦੁਆਰਾ ਵਿਖੇ ਦੁਪਹਿਰ 12 ਤੋਂ 2 ਵਜੇ ਤੱਕ ਡਾ. ਪੁਸ਼ਪਿੰਦਰ ਕੌਰ ਨਮਿੱਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਨਮਿਤ ਸਮਾਗਮ ਹੋਇਆ। ਆਰੰਭ ਵਿੱਚ ਇਲਾਹੀ ਗੁਰਬਾਣੀ ਦਾ ਰਸਭਿੰਨਾ ਕੀਰਤਨ ਹੋਇਆ। ਉਪਰੰਤ ਬੀਬੀ ਜੀ ਦੇ ਜੀਵਨ ਸਾਥੀ ਡਾ. ਜੈਰੂਪ ਸਿੰਘ ਨੇ ਮੰਚ ਤੋਂ ਆਈਆਂ ਸੰਗਤਾਂ, ਸੱਜਣ-ਮਿੱਤਰਾਂ ਅਤੇ ਸੰਬੰਧੀਆਂ ਦਾ ਧੰਨਵਾਦ ਕੀਤਾ। ਆਪ ਨੇ ਕਿਹਾ ਕਿ ਮੇਰੀ ਜੀਵਨ ਸਾਥਣ ਇੱਕ ਵਿਗਿਆਨੀ ਅਤੇ ਵਿਦਵਾਨ ਹੋਣ ਤੋਂ ਪਹਿਲੋਂ ਇੱਕ ਸੁਘੜ ਜੀਵਨ ਸਾਥਣ ਸੀ। ਸਾਡਾ ਉਮਰ ਭਰ ਦਾ ਸਾਥ ਸਹਿਜ ਅਤੇ ਸਦਭਾਵਨਾ ਭਰਪੂਰ ਸੀ। ਮੈਂ ਐਸ ਸਮੇਂ ਉਨ੍ਹਾਂ ਦੀ ਜਿਵੇਂ ਘਾਟ ਮਹਿਸੂਸ ਕਰਦਾ ਹਾਂ ਬਹੁਤਾ ਕੁਝ ਬੋਲਣ ਦੀ ਹਾਲਤ ਵਿੱਚ ਨਹੀਂ ਹਾਂ। ਅਕਾਲ ਪੁਰਖ ਉਹਨਾਂ ਦੇ ਜੀਵਾਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ। ਮੇਰੀ ਇਹੋ ਦਿਲੀ ਕਾਮਨਾ ਹੈ।

ਉਪਰੰਤ ਬੀਬੀ ਜੀ ਦੀ ਛੋਟੀ ਨਨਾਣ ਪ੍ਰਸਿੱਧ ਲੇਖਕਾ ਡਾ. ਹਰਸ਼ਿੰਦਰ ਕੌਰ ਨੇ ਮੰਚ ਸੰਭਾਲਿਆ ਆਪ ਨੇ ਡਾ. ਪੁਸ਼ਪਿੰਦਰ ਕੌਰ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ **PAU** ਤੋਂ ਜੀਵ ਵਿਗਿਆਨ ਤੇ ਪੀ.ਐਚ.ਡੀ. ਕੀਤੀ। ਫੇਰ ਉੱਥੇ ਹੀ ਪ੍ਰੋਫ਼ੈਸਰ ਲੱਗੇ। ਆਪ 100 ਦੇ ਕਰੀਬ ਖੋਜ ਪੱਤਰ, 140 ਲੇਖ ਅਤੇ 13 ਕਿਤਾਬਾਂ ਦੇ ਲੇਖਕ ਸਨ। ਸਾਡੇ ਪਿਤਾ ਪ੍ਰੋ. ਪ੍ਰੀਤਮ ਸਿੰਘ ਉਨ੍ਹਾਂ ਨੂੰ ਹਮੇਸ਼ਾ ਕਿਹਾ ਕਰਦੇ ਸਨ ਕਿ ਬੇਟਾ ਤੂੰ ਪੰਜਾਬੀ ਵਿੱਚ ਵੀ ਲਿਖਿਆ ਕਰ, ਤੇਰੀ ਖੋਜ ਦਾ ਪੰਜਾਬੀ ਪਾਠਕਾਂ ਨੂੰ ਵੀ ਲਾਭ ਹੋਵੇ। ਸੰਨ 2003-2004 ਤੋਂ ਬਾਅਦ ਉਨ੍ਹਾਂ ਪਿਤਾ ਜੀ ਦੀ ਪ੍ਰੇਰਨਾ ਅਨੁਸਾਰ ਪੰਜਾਬੀ 'ਚ ਲਿਖਣਾ ਆਰੰਭਿਆ। 2006 ਦੇ ਕਰੀਬ ਉਨ੍ਹਾਂ ਨੂੰ ਕੈਂਸਰ ਹੋ ਗਿਆ। ਕੁਝ ਸਮੇਂ ਬਾਅਦ ਡਾਕਟਰਾਂ ਨੇ ਕਿਹਾ ਕਿ ਇਨ੍ਹਾਂ ਦਾ ਜੀਵਨ ਕਰੀਬ 6 ਮਹੀਨੇ ਬਾਕੀ ਹੈ। ਪਰ ਉਹ ਘਬਰਾਏ ਨਹੀਂ ਸਗੋਂ ਜੀਵਨ ਦਾ ਬਚਿਆ ਹਰ ਪਲ ਗੁਰਬਾਣੀ ਖੋਜ ਕਾਰਜ ਦੇ ਲੇਖੇ ਲਾਉਣਾ ਆਰੰਭਿਆ। ਮੈਂ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਨਾਮ ਨਾਲ, ਬਾਣੀ ਨਾਲ ਜੁੜ ਕੇ ਉਮਰ ਵੱਧ ਜਾਂਦੀ ਹੈ। ਮਨੁੱਖ ਨਿਰਭਉ ਹੋ ਜਾਂਦਾ ਹੈ, ਉਸਨੂੰ ਦੁੱਖ ਸਹਿਣ ਦੀ ਅਸੀਮ ਸ਼ਕਤੀ ਮਿਲਦੀ ਹੈ। ਬਾਣੀ ਤੋਂ ਉਹ ਕੈਂਸਰ ਨਾਲ ਜੂਝਦਿਆਂ 15 ਸਾਲ ਹੋਰ ਜੀਵੇ। ਕੈਂਸਰ ਦੀ ਆਖ਼ਰੀ ਸਟੇਜ ਤੱਕ ਲਿਖਦੇ ਰਹੇ। ਉਨ੍ਹਾਂ ਗੁਰਬਾਣੀ ਵਿੱਚ ਆਏ ਪੰਛੀਆਂ, ਜੀਵ-ਜੰਤੂਆਂ ਅਤੇ ਰੁੱਖਾਂ ਬੂਟਿਆਂ ਬਾਰੇ ਲਿਖਿਆ। ਗੁਰਬਾਣੀ ਵਿੱਚ ਕਿੰਨੀ ਵਾਰ ਹੰਸ ਤੇ ਪਰਮਹੰਸ ਸ਼ਬਦ ਆਇਆ ਹੈ, ਹੰਸ ਦੀ ਪ੍ਰਕਿਰਤੀ ਕੀ ਹੈ ਗੁਰੂ ਸਾਹਿਬ ਕਿਸ ਸੰਦਰਭ ਵਿੱਚ ਹੰਸ ਦਾ ਜ਼ਿਕਰ ਕਰਦੇ ਹਨ, ਉਨ੍ਹਾਂ ਨੇ ਆਪਣੇ ਬੇਟੇ ਅਰਸ਼ਸਰੂਪ ਸਿੰਘ ਦੀ ਫੋਟੋਗ੍ਰਾਫੀ ਨੂੰ ਆਪਣੀਆਂ ਪੁਸਤਕਾਂ ਦਾ ਹਿੱਸਾ ਬਣਾਇਆ। ਵਿਸ਼ੇਸ਼ ਕਰਕੇ ਉਹ ਮੇਰੀ ਵੱਡੀ ਭਰਜਾਈ ਘੱਟ ਤੇ ਮਾਂ ਜ਼ਿਆਦਾ ਸਨ। ਜਿਨ੍ਹਾਂ ਮੇਰੀ ਮਾਤਾ ਦੇ ਚਲਾਣੇ ਤੋਂ ਬਾਅਦ ਮੈਨੂੰ ਮਾਂਵਾਂ ਵਾਲਾ ਪਿਆਰ ਦਿੱਤਾ। ਉਹ ਇੱਕ ਆਦਰਸ਼ ਅਤੇ ਰੋਲ ਮਾਡਲ ਔਰਤ ਸਨ। ਡਾ ਹਰਸ਼ਿੰਦਰ ਜੀ ਨੇ ਬੜੇ ਹੀ ਅਦਬ ਨਾਲ ਭੈਣੀ ਸਾਹਿਬ ਬਾਰੇ ਨਾਮਧਾਰੀ ਸਿੰਘਾਂ ਬਾਰੇ ਜ਼ਿਕਰ ਕਰਕੇ ਸਤਿਗੁਰੂ ਉਦੇ ਸਿੰਘ ਜੀ ਵੱਲੋਂ ਆਏ ਜਥੇ ਵੱਲੋਂ ਸੇਵਕ ਹਰਪਾਲ ਸਿੰਘ ਨੂੰ ਕੁਝ ਸ਼ਬਦ ਆਖਣ ਲਈ ਮੰਚ 'ਤੇ ਆਮੰਤਰਿਤ ਕੀਤਾ।

ਹਰਪਾਲ ਸਿੰਘ ਸੇਵਕ ਨੇ ਕੁਝ ਕੁ ਮਿੰਟਾਂ ਵਿੱਚ ਪ੍ਰੋ. ਪ੍ਰੀਤਮ ਸਿੰਘ ਜੀ ਦੇ ਇਸ ਪਰਿਵਾਰ ਨਾਲ ਪੀਢੀਆਂ ਸਾਂਝਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਅੱਜ ਜਦੋਂ ਮੈਂ ਡਾ. ਪੁਸ਼ਪਿੰਦਰ ਕੌਰ ਜੀ ਬਾਰੇ ਡਾ. ਹਰਸ਼ਿੰਦਰ ਕੌਰ ਜੀ ਦਾ ਲੇਖ ਪੜ੍ਹ ਰਿਹਾ ਸੀ ਕਿ ਉਨ੍ਹਾਂ ਜੀਵਨ ਦੇ ਆਖ਼ਰੀ ਡੇਢ ਦੋ ਦਹਾਕੇ ਗੁਰਬਾਣੀ ਅਧਿਐਨ ਨੂੰ ਸਮਰਪਿਤ ਕੀਤੇ। ਇਹ ਪੜ੍ਹਦਿਆਂ ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਰਿਕਾਰਡ ਪ੍ਰਵਚਨਾਂ 'ਚੋਂ ਇਕ ਬਚਨ ਯਾਦ ਆ ਰਿਹਾ ਸੀ ਕਿ ਆਪ ਜੀ ਫੁਰਮਾਇਆ ਕਰਦੇ ਸਨ ਕਿ ਤੁਸੀਂ ਦੁਨੀਆਂ ਭਰ ਦੇ ਵਿਦਵਾਨਾਂ ਨੂੰ ਪੜ੍ਹਦੇ ਹੋ, ਸਭ ਤੋਂ ਵੱਡੀ ਫਲਸਫੀ ਗੁਰਬਾਣੀ ਵਿੱਚ ਹੈ। ਗੁਰਬਾਣੀ ਪੜ੍ਹਨ ਤੇ ਗੁਰਬਾਣੀ ਅਨੁਸਾਰ ਜੀਵਨ ਜਿਉਣ ਦੀ ਕੋਸ਼ਿਸ਼ ਕਰੋ। ਸੋ ਡਾ. ਪੁਸ਼ਪਿੰਦਰ ਕੌਰ ਨੇ ਜੀਵਨ ਦੇ ਆਖਰੀ ਵਰ੍ਹਿਆਂ ਵਿਚ ਸਭ ਤੋਂ ਵੱਡੀ ਫਿਲਾਸਫੀ ਗੁਰਬਾਣੀ ਦਾ ਅਧਿਐਨ ਕਰਕੇ ਜੀਵਨ ਸਫਲ ਕੀਤਾ। ਗੁਰਮਤਿ ਫਲਸਫਾ ਸਾਨੂੰ ਉੱਚੀ ਕਿਰਤ ਕਰਨ ਪਰਮੇਸ਼ਰ ਦਾ ਨਾਮ ਜਪਣ ਅਤੇ ਵੰਡ ਕੇ ਛਕਣ ਦੀ ਪ੍ਰੇਰਨਾ ਦਿੰਦਾ ਹੈ। ਜੋ ਜੀਵਨ ਵਿੱਚ ਪ੍ਰਾਪਤ ਹੈ ਉਹ ਗੁਰਪ੍ਰਸਾਦ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੋਇਆ ਸਮਝ ਗਏ ਹਉਮੈਂ ਤੋਂ ਮੁਕਤ ਕਰਦਾ ਹੈ ਅਤੇ ਦੁੱਖ ਸੁੱਖ ਵਿੱਚ ਸਮਾਨ ਰਹਿ ਕੇ ਰਜ਼ਾ ਵਿੱਚ ਰਾਜ਼ੀ ਰਹਿਣ ਅਤੇ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹਿਣਾ ਸਿਖਾਉਂਦਾ ਹੈ। ਕਾਦਰ ਦੀ ਸਮੁੱਚੀ ਰਚਨਾ ਅਤੇ ਪ੍ਰਾਣੀ ਮਾਤਰ ਪ੍ਰਤੀ ਦਿਆਲੂ ਹੋਣਾ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕਰਨਾ ਗੁਰਮਤਿ ਜੀਵਨ ਜਾਚ ਨੂੰ ਸਰਬ ਉੱਚ ਫਲਸਫ਼ੇ ਦੀ ਮਾਨਤਾ ਦਿਵਾਉਂਦਾ ਹੈ। ਸਾਹਿਬ ਕਲਗੀਧਰ ਸਤਿਗੁਰੂ ਜੀ ਦਾ ਫੁਰਮਾਨ ਹੈ- 'ਦੇਹਿ ਅਨਿੱਤ ਨਾ, ਨਿੱਤ ਰਹੈ ਜੱਸ ਨਾਵ ਚੜੈ ਭਵ ਸਾਗਰ ਤਾਰੈ॥' ਸਰੀਰ ਤਾਂ ਨਾਸ਼ਵਾਨ ਹੈ ਜੋ ਸ਼ੁਭ ਕਰਮਾਂ ਦੁਆਰਾ ਜੱਸ ਦੀ ਨਾਵ ਤੇ ਚੜ੍ਹ ਕੇ ਭਵ ਸਾਗਰ ਪਾਰ ਕੀਤਾ ਜਾ ਸਕਦਾ ਹੈ। ਬੀਬੀ ਜੀ ਨੇ ਗੁਰਮਤਿ ਜੀਵਨ ਜਾਚ ਅਤੇ ਗੁਰਬਾਣੀ ਖੋਜ

ਕਾਰਜ ਨਾਲ ਜੁੜੇ ਕੇ ਜੀਵਨ ਸਫ਼ਲ ਕੀਤਾ ਹੈ। ਡਾ. ਜੈਰੂਪ ਸਿੰਘ ਅਤੇ ਡਾ. ਹਰਸ਼ਿੰਦਰ ਕੌਰ ਜੀ ਹੋਰਾਂ ਦੇ ਪਰਿਵਾਰ ਨੂੰ ਮਾਂ ਬੋਲੀ ਪੰਜਾਬੀ ਦਾ ਪ੍ਰੇਮ ਵਿਰਸੇ ਦੀ ਸੰਭਾਲ ਦੀ ਲਗਨ ਅਤੇ ਗੁਰਬਾਣੀ ਨਾਲ ਪ੍ਰੇਮ ਨਾਨਕਿਆਂ ਅਤੇ ਦਾਦਕਿਆਂ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਅਤੇ ਪ੍ਰੋ. ਪ੍ਰੀਤਮ ਸਿੰਘ ਜੀ ਵੱਲੋਂ ਗੁੜ੍ਹਤੀ ਦੇ ਰੂਪ ਵਿੱਚ ਪ੍ਰਾਪਤ ਹੋਇਆ। ਡਾ. ਪੁਸ਼ਪਿੰਦਰ ਕੌਰ ਜੀ ਨੇ ਗੁਰਬਾਣੀ ਅਤੇ ਮਾਂ ਬੋਲੀ ਪੰਜਾਬੀ ਬਾਰੇ ਵੱਡੇ ਕਾਰਜ ਕਰ ਕੇ ਇਸ ਪਿਰਤ ਨੂੰ ਅੱਗੇ ਤੋਰਿਆ ਹੈ। ਅਸੀਂ ਸ੍ਰੀ ਭੈਣੀ ਸਾਹਿਬ ਸਤਿਗੁਰੂ ਉਦੇ ਸਿੰਘ ਜੀ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਹੀ ਸ਼ਾਮਲ ਹੋਏ ਹਾਂ।

ਸ. ਬਲਦੇਵ ਸਿੰਘ ਜੀ ਢਿੱਲੋਂ (ਸਾਬਕਾ ਵਾਈਸ ਚਾਂਸਲਰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ) ਨੇ ਭਾਵ ਭਿੰਨੀ ਸ਼ਰਧਾਂਜਲੀ ਦੇਂਦਿਆਂ ਕਿਹਾ ਕਿ ਇਹ ਪ੍ਰੋ. ਪ੍ਰੀਤਮ ਸਿੰਘ ਦਾ ਪਰਿਵਾਰ ਬੜਾ ਸਰਲ ਅਤੇ ਸਹਿਜ ਹੈ, ਕਰਮ ਪ੍ਰਤੀ ਨੇਕ ਅਤੇ ਨਿਸ਼ਠਾਵਾਨ ਹਨ। ਜਿੰਨੇ ਵਿਦਵਾਨ ਹਨ ਉਸ ਤੋਂ ਕਿਤੇ ਵੱਧ ਨਿਰਮਾਣ ਹਨ। ਡਾ. ਪੁਸ਼ਪਿੰਦਰ ਨੇ ਅੰਤਰਰਾਸ਼ਟਰੀ ਪੱਧਰ ਦੀ ਖੋਜ ਕੀਤੀ ਅਤੇ ਜੀਵਨ ਦੇ ਆਖ਼ਰੀ ਵਰ੍ਹਿਆਂ 'ਚ ਗੁਰਬਾਣੀ ਅਤੇ ਪੰਜਾਬੀ ਦੀ ਮਹਾਨ ਸੇਵਾ ਕਰਕੇ ਸਿੱਖ ਸਮਾਜ ਅਤੇ ਸਾਹਿਤ ਜਗਤ ਵਿੱਚ ਮਾਣਯੋਗ ਸਥਾਨ ਸੁਨਿਸ਼ਚਿਤ ਕੀਤਾ ਹੈ।

ਅਗਲੇ ਵਕਤਾ ਡਾ. ਸੁਖਵਿੰਦਰ ਸਿੰਘ ਗਿੱਲ ਨੂੰ ਪੇਸ਼ ਕਰਨ ਤੋਂ ਪਹਿਲਾਂ ਮੰਚ ਸੰਚਾਲਕ ਡਾ. ਹਰਸ਼ਿੰਦਰ ਜੀ ਨੇ ਦੱਸਿਆ ਕਿ ਡਾ. ਪੁਸ਼ਪਿੰਦਰ ਜੀ ਨੂੰ ਜਦੋਂ ਜਾਪਿਆ ਕਿ ਹੁਣ ਮੇਰੇ ਜੀਵਨ ਦੇ ਦੋ-ਤਿੰਨ ਦਿਨ ਹੀ ਬਾਕੀ ਹਨ ਤਾਂ ਚੜ੍ਹਾਈ ਕਰਨ ਤੋਂ ਤਿੰਨ ਦਿਨ ਪਹਿਲਾਂ ਆਪਣੇ ਬੱਚਿਆਂ ਨੂੰ ਪਾਸ ਬੁਲਾ ਕੇ ਉਨ੍ਹਾਂ ਤੋਂ ਵਾਅਦਾ ਲਿਆ ਕਿ ਉਹ ਆਪਣੇ ਪਿਤਾ ਦਾ ਪੂਰਾ ਧਿਆਨ ਰੱਖਣਗੇ ਮੇਰੀ ਘਾਟ ਨਾ ਮਹਿਸੂਸ ਹੋਵੇ। ਇਸ ਲਈ ਬਹੁਤ ਪ੍ਰੇਮ ਨਾਲ ਸੇਵਾ ਕਰਨਗੇ ਅਤੇ ਆਪਣੇ ਜੀਵਨ ਸਾਥੀ ਡਾ. ਜੈਰੂਪ ਸਿੰਘ ਤੋਂ ਵਾਅਦਾ ਲਿਆ ਕਿ ਉਹ ਉਸ ਦਾ ਅਧੂਰਾ ਕੰਮ ਪੂਰਾ ਕਰਕੇ ਛੇਤੀ ਤੋਂ ਛੇਤੀ ਪ੍ਰਕਾਸ਼ਿਤ ਕਰਵਾਉਣਗੇ। ਉਨ੍ਹਾਂ ਦੀ ਆਖ਼ਰੀ ਪੁਸਤਕ 'ਗੁਰੂ ਗ੍ਰੰਥ ਸਾਹਿਬ ਵਿੱਚ ਜੀਵ ਜੰਤੂਆਂ ਦਾ ਜ਼ਿਕਰ' ਕਰੀਬ ਤਿਆਰ ਹੋਣ ਦੇ ਨੇੜੇ ਹੀ ਸੀ।

ਡਾ. ਸ਼ਵਿੰਦਰ ਸਿੰਘ ਗਿੱਲ (ਵੀ.ਸੀ. ਬਾਬਾ ਫ਼ਰੀਦ ਯੂਨੀਵਰਸਿਟੀ) ਨੇ ਕਿਹਾ ਬੀਬੀ ਡਾ. ਪੁਸ਼ਪਿੰਦਰ ਕੌਰ ਵੱਡੇ ਹੌਸਲੇ ਵਾਲੀ ਔਰਤ ਸੀ। ਉਹ ਪੂਰੀ ਹਿੰਮਤ ਨਾਲ ਆਪਣੇ ਇਲਾਜ ਦੇ ਫੈਸਲੇ ਆਪ ਲੈਂਦੀ ਸੀ। ਡਾ. ਜੈਰੂਪ ਸਿੰਘ ਦਾ ਸਾਥ ਤੇ ਸਹਿਯੋਗ ਵੀ ਮਿਸਾਲੀ ਹੈ। 'ਏਕ ਜੋਤਿ ਦੋਇ ਮੂਰਤੀ' ਗੁਰਵਾਕ ਅਨੁਸਾਰ ਇਨ੍ਹਾਂ ਨੂੰ ਇੱਕ ਰੋਲ ਮਾਡਲ ਜੋੜੀ ਕਹਿ ਸਕਦੇ ਹਾਂ।

ਆਖਰੀ ਬੁਲਾਰੇ ਡਾ. ਸਰਬਜੀਤ ਸਿੰਘ ਚਹਿਲ (ਵਾਈਸ ਚਾਂਸਲਰ ਉਦੇਪੁਰ ਯੂਨੀਵਰਸਿਟੀ) ਨੇ ਕਿਹਾ ਕਿ ਡਾ. ਪੁਸ਼ਪਿੰਦਰ ਕੌਰ ਦੀ ਸ਼ਖ਼ਸੀਅਤ ਐਕਸੀਲੈਂਟ ਸੀ। ਉਹ ਘਰ ਕੰਮ ਬੜੇ ਸਲੀਕੇ ਨਾਲ ਕਰਦੀ ਸੀ ਨਿਸ਼ਠਾਵਾਨ ਸੀ। ਸਵੈਮਾਣ ਅਨੁਸਾਰ ਵਿਚਰਨਾ ਉਸਦਾ ਸੁਭਾਅ ਸੀ ਪਰ ਹਉਮੈ ਦਾ ਕਿਤੇ ਅੰਸ਼ ਮਾਤਰ ਵੀ ਨਹੀਂ ਸੀ। ਉਸ ਵਿੱਚ ਅਗਵਾਈ ਕਰਨ ਦੇ ਅਤੇ ਪ੍ਰਬੰਧਕੀ ਗੁਣ ਮਿਸਾਲੀ ਸਨ। ਇੱਕ ਮਹਾਨ ਲੇਖਕ, ਖੋਜੀ, ਇਕ ਸਕਾਲਰ ਦੇ ਜਾਣ ਨਾਲ ਪੰਜਾਬੀ ਜਗਤ ਨੂੰ ਵੱਡਾ ਘਾਟਾ ਪਿਆ ਹੈ। ਮੇਹਰਬਾਨ ਸਤਿਗੁਰੂ ਆਪਣੀ ਬੱਚੀ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

ਇਸ ਭੋਗ ਸਮਾਗਮ ਵਿੱਚ ਸਾਹਿਤ ਜਗਤ ਦੀਆਂ ਉੱਚ ਹਸਤੀਆਂ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਤੋਂ ਬਿਨਾਂ ਆਰਮੀ ਆਫਿਸਰ, ਕਰਨਲ, ਬ੍ਰਿਗੇਡੀਅਰ, ਏ.ਐਸ.ਰਾਏ. (ADGP) ਆਦਿ ਵੱਡੀਆਂ ਹਸਤੀਆਂ ਸ਼ਾਮਲ ਹੋਈਆਂ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ, ਸੈਂਟਰਲ ਯੂਨੀਵਰਸਿਟੀ ਬਠਿੰਡਾ, ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਸੋਕ ਮਤੇ ਲੈ ਕੇ ਨੁਮਾਇੰਦੇ ਸ਼ਾਮਲ ਹੋਏ।

ਯਾਦ ਰਹੇ ਕਿ ਇਸ ਪਰਿਵਾਰ ਦੇ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਨਾਲ ਪ੍ਰੋ. ਪ੍ਰੀਤਮ ਸਿੰਘ ਜੀ ਤੋਂ ਪੀੜ੍ਹੀਆਂ ਸਾਂਝਾਂ ਹਨ। ਆਮ ਤੌਰ 'ਤੇ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਨਾਮਧਾਰੀ ਮੇਲਿਆਂ ਸਮਾਗਮਾਂ ਵਿੱਚ ਸ਼ਾਮਲ ਹੋਇਆ ਕਰਦੇ ਸਨ। ਡਾ. ਹਰਸ਼ਿੰਦਰ ਕੌਰ ਜੀ ਵੀ ਸਾਂਝ ਦੀ ਇਸ ਪਿਰਤ ਨੂੰ ਜਾਰੀ ਰੱਖ ਰਹੇ ਹਨ। ਡਾ. ਜੈਰੂਪ ਸਿੰਘ ਜੀ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਾਈਸ ਚਾਂਸਲਰ ਦੇ ਕਾਰਜਕਾਲ ਦੌਰਾਨ ਯੂਨੀਵਰਸਿਟੀ ਵਿੱਚ ਗੁਰੂ ਰਾਮ ਸਿੰਘ ਚੇਅਰ ਵੱਲੋਂ ਸੈਮੀਨਾਰ ਹੋਏ। ਸੈਂਟਰਲ ਯੂਨੀਵਰਸਿਟੀ ਬਠਿੰਡਾ (ਪੰਜਾਬ) ਵਿਖੇ ਵੀ ਆਪ ਦੇ ਵਾਈਸ ਚਾਂਸਲਰ ਦੇ ਤੌਰ 'ਤੇ ਹੁੰਦਿਆਂ ਉੱਥੇ ਵੀ ਸਤਿਗੁਰੂ ਰਾਮ ਸਿੰਘ ਚੇਅਰ ਸਥਾਪਿਤ ਹੋਈ। ਡਾ. ਪੁਸ਼ਪਿੰਦਰ ਕੌਰ ਜੀ ਦੇ ਪੂਰੇ ਹੋਣ 'ਤੇ ਸਤਿਗੁਰੂ ਉਦੇ ਸਿੰਘ ਜੀ ਨੇ ਫੋਨ ਕਰਕੇ ਡਾ. ਜੈਰੂਪ ਸਿੰਘ ਜੀ ਨਾਲ ਹਮਦਰਦੀ ਪ੍ਰਗਟ ਕੀਤੀ। ਅੱਜ ਦੇ ਭੋਗ ਸਮਾਗਮ ਵਿਚ ਸ੍ਰੀ ਭੈਣੀ ਸਾਹਿਬ ਤੋਂ ਹਰਪਾਲ ਸਿੰਘ ਸੇਵਕ, ਸ. ਗੁਰਦੇਵ ਸਿੰਘ ਚੀਮਾ, ਭਜਨ ਸਿੰਘ ਅਤੇ ਚੰਡੀਗੜ੍ਹ ਤੋਂ ਸੂਬਾ ਪਰਮਜੀਤ ਸਿੰਘ ਜੀ ਵੀ ਸੰਗਤਾਂ ਨਾਲ ਸ਼ਾਮਲ ਹੋਏ। ਸਮਾਗਮ ਦੀ ਸਮਾਪਤੀ ਉਪਰੰਤ ਲੰਗਰ ਹਾਲ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਹਰਪਾਲ ਸਿੰਘ ਸੇਵਕ**

# ਆਨ-ਲਾਈਨ ਵਿੱਦਿਅਕ ਸੰਮੇਲਨ 2021 ਦੇ ਜੇਤੂ ਸਿਖਆਰਥੀ



Date of Publication: 21 August 2021
Date of Posting: 23 August 2021

RNI NO.55658/93
LDM/008/2021-2023







– 1920 ਈ. ਤੋਂ ਸਥਾਪਤ 'ਸਤਿਜੁਗ' ਪਰਚਾ ਵੱਖ-ਵੱਖ ਸਥਾਨਾਂ (ਲਾਹੌਰ, ਸ੍ਰੀ ਭੈਣੀ ਸਾਹਿਬ, ਜੀਵਨ ਨਗਰ, ਦਿੱਲੀ) ਤੋਂ ਛਪਦਾ ਰਿਹਾ ਹੈ। ਜਿਸ ਕਰਕੇ ਜਿਲਦ ਨੰ. ਬਦਲਦੇ ਰਹੇ ਹਨ। ਹੁਣ ਜਦ 'ਸਤਿਜੁਗ' 100 ਸਾਲ ਦਾ ਸਫ਼ਰ ਤੈਅ ਕਰ ਚੁੱਕਾ ਹੈ ਤਾਂ ਅਸੀਂ ਚੱਲ ਰਹੀ ਜਿਲਦ ਨੰ. 29 ਬਦਲਕੇ 101 ਕਰ ਰਹੇ ਹਾਂ, ਜੋ ਕਿ ਤਰਤੀਬ ਅਨੁਸਾਰ ਠੀਕ ਹੈ ਤੇ ਅੱਗੇ ਤੋਂ ਇਹ ਲੜੀ ਬਰਕਰਾਰ ਰਹੇਗੀ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.